ਮਰਹੂਮ ਕਹਾਣੀਕਾਰ ਲਾਲ ਸਿੰਘ ਦਸੂਹਾ ਜੀ ਦੀ ਯਾਦ ਨੂੰ ਸਮੱਰਪਿਤ

ਹਫ਼ਤਾਵਰੀ ਆਨਲਾਈਨ ਮੈਗਜ਼ੀਨ

# ਅਦਬੀ ਵਿਰਾਸਤ

## ਮੈਗਜ਼ੀਨ






## ਅੰਕ 06

















**2 9 ਜੂਨ ਤੋਂ 5 ਜੁਲਾਈ 2 0 2 6 ਤੱਕ**

ਵੱਲੋਂ

**ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ ( ਰਜਿ.) ਪੰਜਾਬ**

ਸੰਪਰਕ ਨੰਬਰ - 89689 33711 , 98720 79212 , 9855813187


ਪੰਜਾਬੀ ਸਾਹਿਤ ਅਤੇ ਸਾਹਿਤ ਪ੍ਰੇਮੀਆਂ ਦੀ ਪਹਿਲੀ ਅਤੇ ਖਾਸ ਮੰਗ




# ਅਦਬੀ ਵਿਰਾਸਤ

ਅੰਕ 06

ਸਾਹਿਤ ਸਾਡੀ ਵਿਰਾਸਤ... ਕਲਮ ਸਾਡੀ ਪਹਿਚਾਣ




ਵੱਲੋਂ :- ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ (ਰਜਿ.) ਪੰਜਾਬ , ( ਓਵਰਸੀਜ਼ ਦਫ਼ਤਰ ਕੈਲਗਿਰੀ, ਕਨੇਡਾ)













ਅਦਬੀ ਵਿਰਾਸਤ ਮੈਗਜ਼ੀਨ ਨੂੰ ਪਿਆਰ ਸਤਿਕਾਰ ਦੇਣ ਵਾਲੇ ਸਾਰੇ ਸਮੂਹ ਲੇਖਕਾਂ,ਪਾਠਕਾਂ ਅਤੇ ਸਾਹਿਤ ਪ੍ਰੇਮੀਆਂ ਦੇ ਅਸੀਂ ਹਿਰਦੇ ਦੀਆਂ ਗਹਿਰਾਈਆਂ ਤੋਂ ਧੰਨਵਾਦੀ ਹਾਂ।ਆਪ ਸਭ ਨੇ ਬਹੁਤ ਹੀ ਥੋੜ੍ਹੇ ਸਮੇਂ ਵਿੱਚ ਸਾਡੇ ਮੈਗਜ਼ੀਨ ਨੂੰ ਬੇਸ਼ੁਮਾਰ ਪਿਆਰ ਸਤਿਕਾਰ ਬਖਸ਼ ਕੇ ਸਾਡੇ ਹੌਂਸਲੇ ਬੁਲੰਦ ਕਰ ਦਿੱਤੇ ਹਨ। ਅਸੀਂ ਆਪ ਦੀਆਂ ਉਮੀਦਾਂ ਤੇ ਖਰੇ ਉਤਰਨ ਲਈ ਦਿਨ ਰਾਤ ਮਿਹਨਤ ਕਰਦੇ ਰਹਾਂਗੇ । ਇਸ ਦੇ ਨਾਲ਼ ਨਾਲ਼ ਆਪ ਤੋਂ ਵੀ ਆਸ ਕਰਦੇ ਹਾਂ ਕਿ ਆਪ ਵੀ ਇਸੇ ਤਰ੍ਹਾਂ ਆਪਣਾ ਪਿਆਰ ਸਾਡੀ ਝੋਲ਼ੀ ਪਾਉਂਦੇ ਰਹੋਗੇ। ਆਪ ਦੇ ਪਿਆਰ ਸਤਿਕਾਰ ਦੇ ਲਗਾਏ ਖੰਭਾਂ ਦੇ ਨਾਲ ਅਸੀਂ ਸਾਰੇ ਸਾਹਿਤ ਜਗਤ ਦੇ ਅਸਮਾਨ ਵਿੱਚ ਸਾਹਿਤ ਨੂੰ ਪ੍ਰਫੁੱਲਤ ਕਰਨ ਲਈ ਅਣਥੱਕ ਮਿਹਨਤ ਨਾਲ ਉਡਾਰੀਆਂ ਲਗਾਉਂਦੇ ਰਹਾਂਗੇ। ਵਿਸ਼ੇਸ਼ ਤੌਰ ਤੇ ਧੰਨਵਾਦ ਕਰਦੇ ਹਾਂ ਉਹਨਾਂ ਅਧਿਆਪਕ ਸਾਹਿਬਾਨਾਂ ਅਤੇ ਵਿਦਿਆਰਥੀਆਂ ਦਾ ਜਿਹਨਾ ਨੇ ਵਾਤਾਵਰਨ ਦਿਵਸ ਨੂੰ ਅਹਿਮੀਅਤ ਦਿੰਦੇ ਹੋਏ ਲੋਕਾਂ ਨੂੰ ਵਾਤਾਵਰਨ ਦੀ ਸ਼ੁੱਧਤਾ ਲਈ ਸੰਦੇਸ਼ ਦੇਣ ਵਿੱਚ ਸਾਡੀ ਸਹਾਇਤਾ ਕੀਤੀ ਹੈ। ਇੱਕ ਵਾਰ ਫਿਰ ਤੋਂ ਆਪ ਸਭ ਦਾ ਹਿਰਦੇ ਦੀਆਂ ਗਹਿਰਾਈਆਂ ਤੋਂ ਕੋਟਿ ਕੋਟਿ ਧੰਨਵਾਦ

## ਅਦਬੀ ਵਿਰਾਸਤ ਮੈਗਜ਼ੀਨ




ਆਪਣੀਆਂ ਰਚਨਾਵਾਂ ਨੂੰ ਛਪਵਾਉਣ ਲਈ ਹੇਠਾਂ ਦਿੱਤੇ ਗਏ ਨੰਬਰਾਂ ਤੇ ਸੰਪਰਕ ਕਰੋ।

" ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ । ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸਬੰਧਿਤ ਲੇਖਕ ਹੀ ਜ਼ਿੰਮੇਵਾਰ ਹੋਵੇਗਾ , ਅਦਾਰਾ ਜਾਂ ਸੰਪਾਦਕ ਮੰਡਲ ਨਹੀਂ। "

E-mail:- adbivirsat@gmail.com

WHATSAPP NUMBER :- 89689 - 33711 , 98720 - 79212




ਪੰਜਾਬੀ ਸਾਹਿਤ ਅਤੇ ਸਾਹਿਤ ਪ੍ਰੇਮੀਆਂ ਦੀ ਪਹਿਲੀ ਅਤੇ ਖਾਸ ਮੰਗ

ਅਦਬੀ ਵਿਰਾਸਤ


ਅੰਕ 06

ਸਾਹਿਤ ਸਾਡੀ ਵਿਰਾਸਤ... ਕਲਮ ਸਾਡੀ ਪਹਿਚਾਣ





ਵੱਲੋਂ :- ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ (ਰਜਿ.) ਪੰਜਾਬ , ( ਓਵਰਸੀਜ਼ ਦਫ਼ਤਰ ਕੈਲਗਿਰੀ, ਕਨੇਡਾ)

# ਲਾਲ ਸਿੰਘ ਦਸੂਹਾ ਦੀ ਕਹਾਣੀ ਕਲਾਤਮਿਕਤਾ




ਭਾਵਨਤਮਿਕ ਦਿੱਸਹੱਦਿਆ ਨੂੰ ਰੂਪਮਾਨ ਕਰਨ ਵਾਲੀ ਸਾਹਿਤਕ ਵਿਧਾ ਦੇ ਖੇਤਰ ਵਿੱਚ ਪੰਜਾਬੀ ਕਹਾਣੀ ਦਾ ਥਾਂ ਸ਼੍ਰੋਮਣੀ ਹੈ । ਕਹਾਣੀਕਾਰ ਜੀਵਨ-ਧਾਰਾ ਦੀ ਵੰਨ ਸੁਵੰਨਤਾ ਨੂੰ ਅਭੇਦ ਕਰਨ ਸਮੇਂ ਜਿਸ ਵਿਧੀ ਵਿਧਾਨ ਨੂੰ ਸਵੀਕਾਰ ਕਰਦਾ ਹੈ । ਉਹ ਬੇਹੱਦ ਵਿਲੱਖਣ ਹੁੰਦਾ ਹੈ । ਲਾਲ ਸਿੰਘ ਦਸੂਹਾ ਦੀ ਪੁਸਤਕ "ਯੁੱਧਵੀਰ" ਪੜ੍ਹਦਿਆਂ ਮੇਰੇ ਮਨ ਦੀ ਸੂਖਮਤਾ "ਦਸੂਹਾ " ਦੀ ਕਹਾਣੀ-ਕਲਾ ਦੀਆਂ ਆਂਤਰਿਕ ਤਰੰਗਾਂ ਨੂੰ ਸਵੀਕਾਰ ਕਰਦਾ ਹੋਇਆ ਮਹਿਸੂਸ ਕਰ ਰਿਹਾ ਸੀ ਜਿਵੇਂ ਇਹ ਕਹਾਣੀਆਂ ਪੰਜਾਬ ਅਤੇ ਪੰਜਾਬੀਆਂ ਦੀ ਰਖਵਾਲੀ ਕਰ ਰਹੀਆਂ ਹੋਣਾ । ਮਾਝੇ ਦੀ ਆਤਮਾ ਨੂੰ ਇਨ੍ਹਾਂ ਕਹਾਣੀਆਂ ਚੋਂ ਵੇਖਿਆ ਜਾ ਸਕਦਾ ਹੈ । ਗ੍ਰਾਮੀਨ ਜੀਵਨ ਦੇ ਸੱਭਿਆਚਾਰਕ ਦਾ ਦਸਤਾਵੇਜ਼ ਹਨ, ਲਾਲ ਸਿੰਘ ਦਸੂਹਾ ਦੀਆਂ ਕਹਾਣੀਆਂ । ਸਮਾਜਿਕ ਹਾਦਸਿਆਂ ਦੀ ਹਕੀਕਤ ਨੂੰ ਦਰਸਾਉਣ ਵਾਲੀਆਂ ਲਾਲ ਸਿੰਘ ਦਸੂਹਾ ਦੀਆਂ ਕਹਾਣੀਆਂ ਦਾ ਆਪਣਾ ਇੱਕ ਵਿਸ਼ੇਸ਼ ਇਖਲਾਕ ਹੈ । ਇਸ ਇਖ਼ਲਾਕ ਨੂੰ ਬੀਤ ਗਏ ਸਮੇਂ ਦੀ ਇੱਜਤ ਆਖਿਆ ਜਾ ਸਕਦਾ ਹੈ । ਲਾਲ ਸਿੰਘ ਦਸੂਹਾ ਆਪਣੀਆਂ ਇਹਨਾਂ ਕਹਾਣੀਆਂ ਵਿੱਚ ਜਿਸ ਸਮਾਜਿਕ-ਦਰਦ ਨੂੰ ਵੇਖਦਾ ਹੈ ਉਹ ਦਰਦ ਦਿਸ਼ਾ ਬੋਧ ਦੀ ਤਰਜ਼ਮਾਨੀ ਕਰਦਾ ਹੈ । ਵਰਗ ਚੇਤਨਾ ਨੂੰ ਰੂਪਮਾਨ ਕਰਨ ਵਾਲੀਆਂ ਇਹ ਕਹਾਣੀਆਂ ਕਾਲਤਮਿਕ ਦਿਸਹੱਦਿਆਂ ਨਾਲ ਭਰਪੂਰ ਹਨ । ਲਾਲ ਸਿੰਘ ਦੀਆਂ ਕਹਾਣੀਆਂ ਵਿੱਚ ਆਰਥਿਕ ਅਰਾਜਕਤਾ ਵਾਲਾ ਵਸਤੂ ਵਿਦਮਾਨ ਹੈ । ਲਾਲ ਸਿੰਘ ਦਸੂਹਾ ਦੀਆਂ ਕਹਾਣੀਆਂ ਵਿਰਲੇ ਭਿਆਣਕ ਦ੍ਰਿਸ਼ ਦੁਖਾਂਤ ਵਿਵਹਾਰ ਲਈ ਪ੍ਰਮਾਣ ਬਣੀਆਂ ਹਨ ।ਵਰਤਮਾਨ ਦੀ ਵਿਆਖਿਆ ਨੂੰ ਪੇਸ਼ ਕਰਦੀਆਂ ਹਨ । ਕਹਾਣੀਕਾਰ ਜਿੰਦਗੀ ਦੇ ਕਾਰਨਾਮਿਆਂ ਦੀ ਜਿਸ ਢੰ ਗ ਨਾਲ ਸੂਚੀ ਪੇਸ਼ ਕਰਦਾ ਹੈ , ਉਹ ਵਿਲੱਖਣ ਹੈ । ਲਾਲ ਸਿੰਘ ਦੀਆਂ ਕਹਾਣੀਆਂ ਜੀਵਨ ਦਾ ਯਥਾਰਥ ਇਨ੍ਹਾਂ ਕਹਾਣੀਆਂ ਨੂੰ ਹਕੀਕਤ ਨਾਲ ਜੋੜੀ ਰੱਖਦਾ ਹੈ। ਇਸ ਦੀਆਂ ਕਹਾਣੀਆਂ ਹੁਸੀਨ ਤਮੰਨਾ ਦਾ ਤਾਰਾਜ਼ੂ ਬਣੀਆਂ ਹੋਈਆਂ ਹਨ । ਲਾਲ ਸਿੰਘ ਦਸੂਹਾ ਦੀਆਂ ਕਹਾਣੀਆਂ ਵਿੱਚ ਰਵਾਨਗੀ ਦੇ ਰੰਗ ਅਲੋਕਾਰੀ ਹਨ । ਇੰਝ ਇਨ੍ਹਾਂ ਕਹਾਣੀਆਂ ਦਾ ਵਸਤੂ ਵਿਆਖਿਆ ਦੇ ਨਾਲ ਵਿਸ਼ਲੇਸ਼ਣ ਵੀ ਬਣ ਬੈਠਦਾ ਹੈ । ਲਾਲ ਸਿੰਘ ਜਨਵਾਦੀ ਲੇਖਕ ਹੈ । ਜਨਵਾਦੀ ਸੰਘਰਸ਼ ਨੂੰ ਦਰਸਾਉਣ ਵਾਲੀਆਂ ਇਨ੍ਹਾਂ ਕਹਾਣੀਆਂ ਨੂੰ ਬੋਧਸ਼ੀਲ ਚੇਤਨਾ ਕਿਹਾ ਜਾ ਸਕਦਾ ਹੈ । ਚਿੰਤਨਸ਼ੀਲ ਸਮੱਗਰੀ ਨਾਲ ਭਰਪੂਰ ਇਹ ਕਹਾਣੀਆਂ ਜਨ ਮਾਨਸ ਦੇ ਆਤਮ-ਬੋਧ ਨੂੰ ਉਜਾਗਰ ਕਰਦੀਆਂ ਹਨ । ਮੈਂ ਇਹਨਾਂ ਕਹਾਣੀਆਂ ਦੇ ਖੂਬਸੂਰਤ ਸੰਦਰਭ ਨੂੰ ਸਮਾਜਿਕ ਸਰੋਕਾਰ ਲਈ ਸਹੂਲੀਅਤ ਵਜੋਂ ਮਾਣਤਾ ਪ੍ਰਦਾਨ ਕਰਦਾ ਹਾਂ ।



**ਓਮ ਪ੍ਰਕਾਸ਼ ਗਾਸੋ**

ਬਰਨਾਲਾ (ਪੰਜਾਬ )
( 9463561123)
ਸਾਹਿਤ ਰਤਨ , ਸ਼੍ਰੋਮਣੀ ਸਾਹਿਤਕਾਰ , ਪੰਜਾਬ ਗੌਰਵ ( ਪੰਜਾਬ ਸਰਕਾਰ ) ਸੌਹਾਰਦ ਪੁਰਸਕਾਰ (ਯੂ.ਪੀ. ਸਰਕਾਰ) , ਐਮ.ਏ.( ਪੰਜਾਬੀ , ਹਿੰਦੀ ) ਐਮ.ਫਿਲ. (ਪੰਜਾਬੀ )




ਆਪਣੀਆਂ ਰਚਨਾਵਾਂ ਨੂੰ ਛਪਵਾਉਣ ਲਈ ਹੇਠਾਂ ਦਿੱਤੇ ਗਏ ਨੰਬਰਾਂ ਤੇ ਸੰਪਰਕ ਕਰੋ।

" ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ । ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸਬੰਧਿਤ ਲੇਖਕ ਹੀ ਜ਼ਿੰਮੇਵਾਰ ਹੋਵੇਗਾ , ਅਦਾਰਾ ਜਾਂ ਸੰਪਾਦਕ ਮੰਡਲ ਨਹੀਂ। "

E-mail:- adbivirsat@gmail.com

WHATSAPP NUMBER :- 89689 - 33711 , 98720 - 79212



# ਅਦਬੀ ਵਿਰਾਸਤ

ਅੰਕ 06, ਸਥਾਪਨਾ ਦਸੂਹਾ, 05/07/2026,ਦਿਨ ਐਤਵਾਰ ( ਨਾਨਕਸ਼ਾਹੀ ਸੰਮਤ 21 ਹਾੜ 558) adbivirsat@gmail.com


# ਗੁਰਦੁਆਰਾ ਦਮਦਮਾ ਸਾਹਿਬ ਠੱਟਾ

## ਇਤਿਹਾਸ, ਪਰੰਪਰਾ ਅਤੇ ਮਹਾਂਪੁਰਖਾਂ ਦੇ ਪਰਉਪਕਾਰੀ ਜੀਵਨ'

## ਲੇਖਕ: ਮੁਖਤਾਰ ਸਿੰਘ ਚੰਦੀ

## ਇਹ ਪੁਸਤਕ ਮੇਰੀ ਨਜ਼ਰ ਵਿੱਚ (ਰਿਵਿਊ)

ਉੱਘੇ ਗ਼ਜ਼ਲਗੋ ਅਤੇ ਲੇਖਕ ਮੁਖਤਾਰ ਸਿੰਘ ਚੰਦੀ ਜੀ ਇੱਕ ਗੁਰਸਿੱਖ ਸ਼ਖ਼ਸੀਅਤ ਹਨ। ਗੁਰੂ-ਘਰ ਨਾਲ ਪ੍ਰੀਤ ਅਤੇ ਸਿੱਖੀ ਜੀਵਨ-ਮੁੱਲਾਂ ਨਾਲ ਜੁੜਾਅ ਉਨ੍ਹਾਂ ਨੂੰ ਆਪਣੇ ਮਾਪਿਆਂ ਤੋਂ ਵਿਰਸੇ ਵਿੱਚ ਪ੍ਰਾਪਤ ਹੋਇਆ ਹੈ। ਸੰਤ-ਮਹਾਂਪੁਰਸ਼ਾਂ ਦੀ ਸੰਗਤ ਕਰਨੀ, ਉਨ੍ਹਾਂ ਦੀ ਜੀਵਨ-ਜਾਚ ਨੂੰ ਗਹੁ ਨਾਲ ਵੇਖਣਾ ਅਤੇ ਉਸ ਨੂੰ ਆਪਣੇ ਜੀਵਨ ਵਿੱਚ ਅਪਣਾਉਣਾ ਉਨ੍ਹਾਂ ਦੇ ਵਿਲੱਖਣ ਗੁਣਾਂ ਵਿੱਚ ਸ਼ਾਮਲ ਹੈ। ਇਨ੍ਹਾਂ ਦੀ ਦਿਲੀ ਇੱਛਾ ਸੀ ਕਿ ਗੁਰਦੁਆਰਾ ਦਮਦਮਾ ਸਾਹਿਬ ਠੱਟਾ ਜੋ ਕਿ ਇਸ ਇਲਾਕੇ ਦਾ ਵੱਡਾ ਧਾਰਮਿਕ ਕੇਂਦਰ ਹੈ, ਦੇ ਇਤਿਹਾਸ ,ਪ੍ਰੰਪਰਾਵਾ ਅਤੇ ਇਸ ਅਸਥਾਨ ਨਾਲ ਸਬੰਧਿਤ ਮਹਾਂ ਪੁਰਖਾਂ ਦੇ ਜੀਵਨ, ਵਿਚਾਰਾਂ ਅਤੇ ਪਰਉਪਕਾਰੀ ਕਾਰਜਾਂ ਨੂੰ ਸੰਗਤਾਂ ਦੇ ਰੂਬਰੂ ਲਿਖਤੀ ਰੂਪ ਵਿੱਚ ਕੀਤਾ ਜਾਵੇ ਤਾਂ ਜੋ ਆਮ ਮਨੁੱਖ ਉਨ੍ਹਾਂ ਦੇ ਜੀਵਨ-ਫਲਸਫ਼ੇ ਤੋਂ ਪ੍ਰੇਰਨਾ ਲੈ ਕੇ ਧਾਰਮਿਕ, ਨੈਤਿਕ ਅਤੇ ਸੱਚਾ-ਸੁੱਚਾ ਜੀਵਨ ਬਤੀਤ ਕਰ ਸਕੇ।

ਗੁਰਦੁਆਰਾ ਦਮਦਮਾ ਸਾਹਿਬ ਠੱਟਾ, ਮਹਾਨ ਸ਼ਹੀਦ ਬਾਬਾ ਬੀਰ ਸਿੰਘ ਨੌਰੰਗਾਬਾਦੀ ਜੀ ਨਾਲ ਸਬੰਧਤ ਇੱਕ ਇਤਿਹਾਸਕ ਅਸਥਾਨ ਹੈ। ਇਤਿਹਾਸਕ ਸਰੋਤਾਂ ਅਨੁਸਾਰ ਬਾਬਾ ਜੀ ਨੇ ਦੋ ਵਾਰ ਇਸ ਅਸਥਾਨ ਉੱਤੇ ਆਪਣੇ ਪਵਿੱਤਰ ਚਰਨ ਪਾਏ। ਆਮ ਸੰਗਤ ਵਿੱਚ ਇਸ ਗੁਰਦੁਆਰਾ ਸਾਹਿਬ ਦੀ ਮਹੱਤਤਾ ਮੁੱਖ ਤੌਰ 'ਤੇ ਬਾਬਾ ਬੀਰ ਸਿੰਘ ਜੀ ਦੇ ਅਸਥਾਨ ਵਜੋਂ ਹੈ। ਪਰੰਤੂ 'ਸਿੱਖ ਪੰਥ ਵਿਸ਼ਵ ਕੋਸ਼' ਅਨੁਸਾਰ ਗੁਰੂ ਨਾਨਕ ਦੇਵ ਜੀ ਸੰਨ 1487 ਵਿੱਚ ਮਾਤਾ ਸੁਲੱਖਣੀ ਜੀ ਨੂੰ ਸੁਲਤਾਨਪੁਰ ਲੋਧੀ ਤੋਂ ਬਟਾਲਾ ਵਿਆਹੁਣ ਜਾਂਦੇ ਸਮੇਂ ਆਪਣੀ ਬਰਾਤ ਸਮੇਤ ਇੱਥੇ ਠਹਿਰੇ ਸਨ। ਇਸ ਤੋਂ ਇਲਾਵਾ ਗੁਰੂ ਨਾਨਕ ਸਾਹਿਬ ਜੀ ਦੀ ਅੰਸ਼-ਬੰਸ਼ ਵਿੱਚੋਂ ਬਾਬਾ ਸਾਹਿਬ ਸਿੰਘ ਬੇਦੀ ਜੀ ਨੇ ਵੀ ਇਸ ਪਾਵਨ ਅਸਥਾਨ 'ਤੇ ਚਰਨ ਪਾਏ ਸਨ।

ਇਸ ਪੁਸਤਕ ਵਿੱਚ ਮਹਾਨ ਸ਼ਹੀਦ ਬਾਬਾ ਬੀਰ ਸਿੰਘ ਜੀ ਦਾ ਜੀਵਨ , ਗੁਰਦੁਆਰਾ ਦਮਦਮਾ ਸਾਹਿਬ ਠੱਟਾ ਦਾ ਇਤਿਹਾਸ ਅਤੇ ਇਸ ਡੇਰੇ ਦੇ ਨਾਲ ਸਬੰਧਤ ਮਹਾਂ ਪੁਰਖਾਂ ਬਾਬਾ ਕਾਹਨ ਸਿੰਘ ਜੀ, ਬਾਬਾ ਖੜਗ ਸਿੰਘ ਜੀ, ਬਾਬਾ ਜਗਤ ਸਿੰਘ ਜੀ, ਬਾਬਾ ਕਰਤਾਰ ਸਿੰਘ ਜੀ, ਬਾਬਾ ਤਰਲੋਚਨ ਸਿੰਘ ਜੀ, ਬਾਬਾ ਗੁਰਚਰਨ ਸਿੰਘ ਜੀ ਅਤੇ ਮੌਜੂਦਾ ਮੁੱਖੀ ਬਾਬਾ ਹਰਜੀਤ ਸਿੰਘ ਜੀ ਦੇ ਧਾਰਮਿਕ, ਸਮਾਜਿਕ ਅਤੇ ਰੂਹਾਨੀ ਜੀਵਨ ਬਾਰੇ ਮਹੱਤਵਪੂਰਨ ਜਾਣਕਾਰੀ ਮਿਲਦੀ ਹੈ। ਇਸ ਤੋਂ ਇਲਾਵਾ ਗੁਰਦੁਆਰਾ ਸਾਹਿਬ ਨਾਲ ਸਿੱਧੇ ਜਾਂ ਅਸਿੱਧੇ ਤੌਰ 'ਤੇ ਜੁੜੀਆਂ ਹੋਰ ਸੰਤ-ਸ਼ਖ਼ਸੀਅਤਾਂ, ਸੱਜਣ ਪੁਰਸ਼ਾਂ ਅਤੇ ਸਮਾਜਿਕ ਆਗੂਆਂ ਬਾਰੇ ਵੀ ਜਾਣਕਾਰੀ ਪ੍ਰਾਪਤ ਹੁੰਦੀ ਹੈ।

ਲੇਖਕ ਨੇ ਬਾਬਾ ਬੀਰ ਸਿੰਘ ਜੀ ਦੇ ਜੀਵਨ ਦੇ ਅਨੇਕਾਂ ਪੱਖਾਂ ਨੂੰ ਬੜੇ ਹੀ ਸੁਚੱਜੇ ਢੰਗ ਨਾਲ ਪੇਸ਼ ਕੀਤਾ ਹੈ। ਆਪ ਜੀ ਦੇ ਪਿਤਾ ਸ. ਸੇਵਾ ਸਿੰਘ ਜੀ, ਸ. ਨਿਹਾਲ ਸਿੰਘ ਅਟਾਰੀਵਾਲਾ ਦੀ ਫੌਜ ਵਿੱਚ ਲੜਦੇ ਹੋਏ ਸ਼ਹੀਦ ਹੋ ਗਏ ਸਨ। ਆਪ ਜੀ ਦੀ ਦਰਸ਼ਨੀ ਦਿੱਖ ਅਤੇ ਯੋਗਤਾ ਨੂੰ ਵੇਖਦਿਆਂ ਉਨ੍ਹਾਂ ਨੂੰ ਪਿਤਾ ਜੀ ਦੀ ਥਾਂ ਫੌਜ ਵਿੱਚ ਭਰਤੀ ਕਰ ਲਿਆ ਗਿਆ। ਫੌਜ ਵਿੱਚ ਰਹਿੰਦਿਆਂ ਹੀ ਉਨ੍ਹਾਂ ਨੇ ਰੂਹਾਨੀ ਜੀਵਨ ਦੀ ਰਾਹ ਅਪਣਾਈ। ਬਾਬਾ ਭਾਗ ਸਿੰਘ ਕੁਰੀ ਵਾਲਿਆਂ ਦੀ ਸਰਪ੍ਰਸਤੀ ਅਤੇ ਬਾਬਾ ਸਾਹਿਬ ਸਿੰਘ ਊਨਾ ਵਾਲਿਆਂ ਦੀ ਅਗਵਾਈ ਹੇਠ ਸੇਵਾ-ਸਿਮਰਨ ਕਰਦਿਆਂ ਉਨ੍ਹਾਂ ਨੇ ਉੱਚ ਆਤਮਿਕ ਬੁਲੰਦੀਆਂ ਨੂੰ ਛੂਹਿਆ ।ਨੌਰੰਗਾਬਾਦ (ਅੰਮ੍ਰਿਤਸਰ)ਡੇਰੇ ਦੀ ਸਥਾਪਨਾ ਕੀਤੀ ਅਤੇ ਵੱਖ-ਵੱਖ ਇਲਾਕਿਆਂ ਵਿੱਚ ਜਾ ਕੇ ਗੁਰਮਤਿ ਦਾ ਪ੍ਰਚਾਰ ਕੀਤਾ।

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਲਾਹੌਰ ਦਰਬਾਰ ਵਿੱਚ ਭਰਾਮਾਰੂ ਜੰਗ ਛਿੜ ਗਈ। ਬਾਬਾ ਜੀ ਨੇ ਇਸ ਟਕਰਾਅ ਦਾ ਹਿੱਸਾ ਬਣਨ ਦੀ ਥਾਂ ਧੀਰਜ, ਸਹਿਣਸ਼ੀਲਤਾ ਅਤੇ ਅਕਾਲ ਪੁਰਖ ਦੇ ਭਾਣੇ ਵਿੱਚ ਰਹਿਣ ਦਾ ਮਾਰਗ ਚੁਣਿਆ ਅਤੇ ਮੁੱਠਿਆਵਾਲੀ ਨੇੜੇ ਭੰਗਾਲਾ ਲੱਲਾ ਵਾਲਾ ਵਿਖੇ ਸ਼ਹੀਦੀ ਜਾਮ ਪੀ ਕੇ ਉਸ ਸਰਬ-ਸ਼ਕਤੀਮਾਨ ਦੀ ਜੋਤ ਵਿੱਚ ਲੀਨ ਹੋ ਗਏ। ਲੇਖਕ ਨੇ ਅੰਗਰੇਜਾਂ ਅਤੇ ਡੋਗਰਿਆਂ ਦੀ ਮਿਲੀ ਭੁਗਤ ਨੂੰ ਜ਼ਾਹਿਰ ਕਰਦਾ ਏ. ਐਫ. ਰਿਚਰਡ ਦਾ ਮਿਤੀ 11 ਮਈ 1844 ਦਾ ਪੱਤਰ ਅਤੇ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਬਾਬਾ ਜੀ ਦੀ ਦੁਖਦਾਇਕ ਸ਼ਹੀਦੀ ਸਬੰਧੀ 176 ਸਾਲ ਬਾਅਦ ਕਰਵਾਏ ਪ੍ਰਾਸ਼ਚਿਤ ਸਮਾਗਮ ਦੀ ਜਾਣਕਾਰੀ ਦੇ ਕੇ ਇਸ ਪੁਸਤਕ ਨੂੰ ਇਤਿਹਾਸਕ ਦਸਤਾਵੇਜ ਬਣਾ ਦਿੱਤਾ ਹੈ।


ਇਸ ਪੁਸਤਕ ਵਿੱਚ ਗੁਰਦੁਆਰਾ ਦਮਦਮਾ ਸਾਹਿਬ ਦੇ ਪਹਿਲੇ ਸੇਵਾਦਾਰ ਬਾਬਾ ਕਾਹਨ ਸਿੰਘ ਜੀ ਅਤੇ ਦੂਸਰੇ ਸੇਵਾਦਾਰ ਬਾਬਾ ਖੜਗ ਸਿੰਘ ਜੀ ਵੱਲੋ ਗੁਰਦੁਆਰਾ ਸਾਹਿਬ ਦੀ ਇਮਾਰਤ ,ਪੁਰਾਣਾ ਲੰਗਰ ਹਾਲ,ਚੁਬਾਰਾ ਅਤੇ ਹੋਰ ਇਮਾਰਤਾਂ ਦੀ ਉਸਾਰੀ ਦਾ ਵੇਰਵਾ ਤੱਥਾਂ ਅਤੇ ਤਿਥਾਂ ਸਮੇਤ ਸੰਗਤਾਂ ਦੀ ਜਾਣਕਾਰੀ ਲਈ ਦਰਸਾਇਆ ਗਿਆ ਹੈ ।ਇਸੇ ਤਰ੍ਹਾਂ ਖੇਤੀਬਾੜੀ ਵਾਲੇ ਖੂਹ ਜਿਸ ਦੀ ਸੰਪੂਰਨਤਾ ਬਾਬਾ ਖੜਗ ਸਿੰਘ ਜੀ ਵੱਲੋਂ 1893 ਈ ਵਿੱਚ ਕਰਵਾਈ ਗਈ ਸੀ ।ਇਹ ਜਾਣਕਾਰੀ ਇੱਕ ਇਤਿਹਾਸਕ ਪੱਥਰ-ਲੇਖ ਦੇ ਆਧਾਰ 'ਤੇ ਦਿੱਤੀ ਗਈ ਹੈ, ਜਿਸ ਬਾਰੇ ਬਹੁਤ ਸਾਰੀ ਸੰਗਤ ਪਹਿਲਾਂ ਸ਼ਾਇਦ ਜਾਣੂ ਨਾ ਹੋਵੇ।

ਭਾਰਤ-ਪਾਕਿਸਤਾਨ ਦੀ ਵੰਡ ਸਮੇਂ ਗੁਰਦੁਆਰਾ ਦਮਦਮਾ ਸਾਹਿਬ ਦੇ ਮੁੱਖੀ ਬਾਬਾ ਜਗਤ ਸਿੰਘ ਜੀ ਸਨ। ਉਸ ਵੇਲੇ ਦੋਹਾਂ ਫਿਰਕਿਆਂ ਵਿਚਾਲੇ ਹਾਲਾਤ ਬਹੁਤ ਨਾਜ਼ੁਕ ਸਨ ਅਤੇ ਕਿਸੇ ਵੀ ਸਮੇਂ ਵੱਡਾ ਦੁਖਾਂਤ ਵਾਪਰ ਸਕਦਾ ਸੀ। ਪਰ ਬਾਬਾ ਜਗਤ ਸਿੰਘ ਜੀ ਨੇ ਆਪਣੀ ਰੂਹਾਨੀ ਸੂਝ-ਬੂਝ ਅਤੇ ਦੂਰਅੰਦੇਸ਼ੀ ਨਾਲ ਦੋਹਾਂ ਧਿਰਾਂ ਨੂੰ ਸ਼ਾਂਤ ਕਰਕੇ ਇਲਾਕੇ ਵਿੱਚ ਅਮਨ ਅਤੇ ਭਾਈਚਾਰੇ ਨੂੰ ਕਾਇਮ ਰੱਖਣ ਵਿੱਚ ਅਹਿਮ ਭੂਮਿਕਾ ਨਿਭਾਈ।

ਬਾਬਾ ਜਗਤ ਸਿੰਘ ਜੀ ਦੇ ਉੱਤਰਾਧਿਕਾਰੀ ਸੰਤ ਕਰਤਾਰ ਸਿੰਘ ਜੀ ਬਣੇ, ਜਿਨ੍ਹਾਂ ਨੂੰ ਆਮ ਤੌਰ 'ਤੇ ਕਾਰ ਸੇਵਾ ਵਾਲੇ ਸੰਤਾਂ ਦੇ ਰੂਪ ਵਿੱਚ ਜਾਣਿਆ ਜਾਂਦਾ ਹੈ। ਉਨ੍ਹਾਂ ਨੇ ਸਿੱਖ ਪੰਥ ਦੇ ਤਖ਼ਤ ਸਾਹਿਬਾਨ ਅਤੇ ਹੋਰ ਕੇਂਦਰੀ ਧਾਰਮਿਕ ਅਸਥਾਨਾਂ 'ਤੇ ਨਿਸ਼ਕਾਮ ਕਾਰ ਸੇਵਾਵਾਂ ਕਰਵਾਈਆਂ ਅਤੇ ਸਿੱਖ ਜਗਤ ਵਿੱਚ ਖੂਬ ਨਿਮਾਣਾ ਖੱਟਿਆ। ਇਸ ਤੋਂ ਇਲਾਵਾ ਉਨ੍ਹਾਂ ਨੇ ਪਿੰਡਾਂ ਦੇ ਕੱਚੇ ਰਸਤੇ ਪੱਕੇ ਕਰਵਾਏ, ਚੈਰੀਟੇਬਲ ਹਸਪਤਾਲਾਂ ਅਤੇ ਵਿਦਿਅਕ ਅਦਾਰਿਆਂ ਦੀਆਂ ਇਮਾਰਤਾਂ ਦੀ ਕਾਰ ਸੇਵਾ ਕਰਵਾਈ ਅਤੇ ਅਨੇਕਾਂ ਪਿੰਡਾਂ ਦੇ ਗੁਰਦੁਆਰਾ ਸਾਹਿਬਾਨਾਂ ਦੀ ਸੇਵਾ ਸੰਪੰਨ ਕਰਵਾਈ। ਦਰਜਨਾਂ ਪਿੰਡਾਂ ਨੂੰ ਹੜ੍ਹਾਂ ਦੀ ਮਾਰ ਤੋਂ ਬਚਾਉਣ ਲਈ ਬਿਆਸ ਦਰਿਆ 'ਤੇ ਧੁੱਸੀ ਬਣਵਾਉਣਾ ਵੀ ਉਨ੍ਹਾਂ ਦੀ ਮਹੱਤਵਪੂਰਨ ਦੇਣ ਹੈ।

ਬਾਬਾ ਕਰਤਾਰ ਸਿੰਘ ਜੀ ਤੋਂ ਬਾਅਦ ਬਾਬਾ ਗੁਰਚਰਨ ਸਿੰਘ ਜੀ ਨੇ ਵੀ ਇਸੇ ਪਰੰਪਰਾ ਨੂੰ ਅੱਗੇ ਵਧਾਇਆ। ਉਨ੍ਹਾਂ ਨੇ ਸਕੂਲਾਂ, ਗੁਰਦੁਆਰਾ ਸਾਹਿਬਾਨਾਂ ਅਤੇ ਮਨੁੱਖਤਾ ਦੀ ਭਲਾਈ ਨਾਲ ਸਬੰਧਤ ਅਨੇਕਾਂ ਕਾਰਜ ਸੰਪੰਨ ਕੀਤੇ। ਮੌਜੂਦਾ ਮੁੱਖੀ ਬਾਬਾ ਹਰਜੀਤ ਸਿੰਘ ਜੀ ਵੀ ਆਪਣੇ ਪੂਰਵਜਾਂ ਦੀਆਂ ਪਾਈਆਂ ਪੈੜ੍ਹਾਂ 'ਤੇ ਚੱਲਦਿਆਂ ਸੇਵਾ, ਸਿਮਰਨ ਅਤੇ ਪਰਉਪਕਾਰ ਦੀ ਇਸ ਮਹਾਨ ਪਰੰਪਰਾ ਨੂੰ ਅੱਗੇ ਵਧਾ ਰਹੇ ਹਨ।

**ਬਾਕੀ ਅਗਲੇ ਪੰਨੇ ਤੇ........**






**ਆਪਣੀਆਂ ਰਚਨਾਵਾਂ ਨੂੰ ਛਪਵਾਉਣ ਲਈ ਹੇਠਾਂ ਦਿੱਤੇ ਗਏ ਨੰਬਰਾਂ ਤੇ ਸੰਪਰਕ ਕਰੋ।**

" ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ । ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸਬੰਧਿਤ ਲੇਖਕ ਹੀ ਜ਼ਿੰਮੇਵਾਰ ਹੋਵੇਗਾ , ਅਦਾਰਾ ਜਾਂ ਸੰਪਾਦਕ ਮੰਡਲ ਨਹੀਂ। "

E-mail:- adbivirsat@gmail.com

WHATSAPP NUMBER :- 89689 - 33711 , 98720 - 79212



# ਅਦਬੀ ਵਿਰਾਸਤ

ਅੰਕ 06, ਸਥਾਪਨਾ ਦਸੂਹਾ, 05/07/2026,ਦਿਨ ਐਤਵਾਰ ( ਨਾਨਕਸ਼ਾਹੀ ਸੰਮਤ 21 ਹਾੜ 558) adbivirsat@gmail.com


# ਗੁਰਦੁਆਰਾ ਦਮਦਮਾ ਸਾਹਿਬ ਠੱਟਾ

**ਇਤਿਹਾਸ, ਪਰੰਪਰਾ ਅਤੇ ਮਹਾਂਪੁਰਖਾਂ ਦੇ ਪਰਉਪਕਾਰੀ ਜੀਵਨ'**

**ਲੇਖਕ: ਮੁਖਤਾਰ ਸਿੰਘ ਚੰਦੀ**


**ਇਹ ਪੁਸਤਕ ਮੇਰੀ ਨਜ਼ਰ ਵਿੱਚ (ਰਿਵਿਊ)**


ਲੇਖਕ ਪਹਿਲਾਂ ਵੀ ਪਾਠਕਾਂ ਦੀ ਝੋਲੀ ਵਿੱਚ ਦੋ ਕਿਤਾਬਾਂ (ਇੱਕ ਕਵਿਤਾ-ਸੰਗ੍ਰਹਿ ਅਤੇ ਦੂਜੀ ਗ਼ਜ਼ਲ-ਸੰਗ੍ਰਹਿ) ਪਾ ਚੁੱਕੇ ਹਨ। ਭਾਵੇਂ ਵਾਰਤਕ ਦੇ ਖੇਤਰ ਵਿੱਚ ਇਹ ਉਨ੍ਹਾਂ ਦੀ ਪਹਿਲੀ ਕਿਤਾਬ ਹੈ, ਪਰ ਇਹ ਲੇਖਕ ਦੀ ਵਿਲੱਖਣ ਸ਼ੈਲੀ ਨੂੰ ਉਜਾਗਰ ਕਰਦੀ ਹੈ ਅਤੇ ਦਰਸਾਉਂਦੀ ਹੈ ਕਿ ਉਹ ਬਹੁਪੱਖੀ ਗੁਣਾਂ ਅਤੇ ਵਿਸ਼ਾਲ ਸ਼ਬਦ-ਭੰਡਾਰ ਦੇ ਮਾਲਕ ਹਨ।

ਇਸ ਕਿਤਾਬ ਦੀ ਇੱਕ ਅਹਿਮ ਵਿਸ਼ੇਸਤਾ ਹੈ ਕਿ ਜਿਥੇ ਇਸ ਪੁਸਤਕ ਦਾ ਸਿਰਲੇਖ ਵਿਸ਼ਾ -ਵਸਤੂ ਅਨੁਸਾਰ ਢੁੱਕਵਾ ਹੈ, ਉਥੇ ਕਿਤਾਬ ਦਾ ਟਾਈਟਲ ਵੀ ਬਹੁਤ ਦਿਲਕਸ਼ ਅਤੇ ਮਨਮੋਹਨਾ ਹੈ। ਇਸ ਵਿਲੱਖਣ ਕਾਰਜ ਲਈ ਪ੍ਰਕਾਸ਼ਕ ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ ਵੀ ਵਧਾਈ ਦੇ ਹੱਕਦਾਰ ਹਨ।

ਮੈਂ ਮੁਖਤਾਰ ਸਿੰਘ ਚੰਦੀ ਜੀ ਨੂੰ ਦਿਲੋਂ ਮੁਬਾਰਕਬਾਦ ਦਿੰਦਾ ਹਾਂ ਕਿ ਉਨ੍ਹਾਂ ਨੇ ਗੁਰਦੁਆਰਾ ਦਮਦਮਾ ਸਾਹਿਬ ਠੱਟਾ (ਕਪੂਰਥਲਾ) ਦੇ ਇਤਿਹਾਸ, ਪਰੰਪਰਾ ਅਤੇ ਵਿਕਾਸ ਨਾਲ ਸਬੰਧਤ ਮੂਲ ਅਤੇ ਮੌਖਿਕ ਸਰੋਤਾਂ ਦਾ ਗੰਭੀਰ ਅਧਿਐਨ ਕਰਕੇ, ਕਾਫ਼ੀ ਖੋਜ ਅਤੇ ਛਾਣਬੀਣ ਉਪਰੰਤ ਇਹ ਮਹੱਤਵਪੂਰਨ ਪੁਸਤਕ ਸੰਗਤ ਦੀ ਝੋਲੀ ਪਾਈ ਹੈ। "ਸਾਧ ਜਨਾ ਕੀ ਅਚਰਜ ਕਥਾ ॥" ਨੂੰ ਸ਼ਬਦਾਂ ਵਿੱਚ ਪਰੋਣ ਦੀ ਸੋਝੀ ਵੀ ਲੇਖਕ ਨੂੰ ਅਕਾਲ ਪੁਰਖ ਦੀ ਬਖ਼ਸ਼ਿਸ਼ ਸਦਕਾ ਹੀ ਪ੍ਰਾਪਤ ਹੋਈ ਹੈ।

ਇਹ ਪਹਿਲੀ ਐਸੀ ਪੁਸਤਕ ਹੈ ਜੋ ਸੰਗਤ ਨੂੰ ਧਰਮ ਦੇ ਇਸ ਮਹੱਤਵਪੂਰਨ ਕੇਂਦਰ ਅਤੇ ਇਸ ਨਾਲ ਸਬੰਧਤ ਮਹਾਂਪੁਰਖਾਂ ਦੇ ਪਰਉਪਕਾਰੀ ਜੀਵਨ ਬਾਰੇ ਵਡਮੁੱਲੀ ਅਤੇ ਪ੍ਰਮਾਣਿਕ ਜਾਣਕਾਰੀ ਪ੍ਰਦਾਨ ਕਰਦੀ ਹੈ। ਮੈਨੂੰ ਪੂਰਾ ਵਿਸ਼ਵਾਸ ਹੈ ਕਿ ਇਹ ਪੁਸਤਕ ਸਮੁੱਚੀ ਸਿੱਖ ਸੰਗਤ, ਖਾਸ ਕਰਕੇ ਇਸ ਅਸਥਾਨ ਨਾਲ ਜੁੜੀ ਸੰਗਤ ਅਤੇ ਖੋਜੀ ਵਿਦਵਾਨਾਂ ਲਈ ਬੇਹੱਦ ਲਾਹੇਵੰਦ ਅਤੇ ਮਾਰਗਦਰਸ਼ਕ ਸਾਬਤ ਹੋਵੇਗੀ।







ਪ੍ਰਿੰਸੀਪਲ
ਸ.ਲਖਬੀਰ ਸਿੰਘ ਸੈਦਪੁਰ
9779952440






ਆਪਣੀਆਂ ਰਚਨਾਵਾਂ ਨੂੰ ਛਪਵਾਉਣ ਲਈ ਹੇਠਾਂ ਦਿੱਤੇ ਗਏ ਨੰਬਰਾਂ ਤੇ ਸੰਪਰਕ ਕਰੋ।

" ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ । ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸਬੰਧਿਤ ਲੇਖਕ ਹੀ ਜ਼ਿੰਮੇਵਾਰ ਹੋਵੇਗਾ , ਅਦਾਰਾ ਜਾਂ ਸੰਪਾਦਕ ਮੰਡਲ ਨਹੀਂ। "

E-mail:- adbivirsat@gmail.com

WHATSAPP NUMBER :- 89689 - 33711 , 98720 - 79212



# ਅਦਬੀ ਵਿਰਾਸਤ

ਅੰਕ 06, ਸਥਾਪਨਾ ਦਸੂਹਾ, 05/07/2026,ਦਿਨ ਐਤਵਾਰ ( ਨਾਨਕਸ਼ਾਹੀ ਸੰਮਤ 21 ਹਾੜ 558) adbivirsat@gmail.com


ਰੋਜ਼ਾਨਾ ਜ਼ਿੰਦਗੀ ਵਿਚੋਂ

## ਖੁੱਲੇ ਵਾਤਾਵਰਣ 'ਚ ਇਕ ਦਿਨ ਅਤੇ ਅਜਨਬੀਆਂ ਨਾਲ ਮੁਲਾਕਾਤ

ਭਾਗ 2

ECHS 'ਚ ਮੇਰੀ ਮੁਲਾਕਾਤ ਕੁਝ ਗੋਲਫ਼ ਖੇਲਦੇ ਦੋਸਤਾਂ ਨਾਲ ਹੋਈ। ਇਹ ਉਹੀ ਜਗ੍ਹਾ ਹੈ ਜਿੱਥੇ ਮੈਂ ORs ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਭੀੜ 'ਚ ਫਸ ਜਾਂਦਾ ਹਾਂ। ਉਨ੍ਹਾਂ ਨੇ ਤਾਂ ਜਿਵੇਂ ਪੂਰੀ ਜਗ੍ਹਾ 'ਤੇ ਕਬਜ਼ਾ ਹੀ ਕਰ ਲਿਆ ਹੋਵੇ। ਦਵਾਈ ਲੈਣ ਵਾਲੀ ਖਿੜਕੀ 'ਤੇ ਉਹ ਅਫਸਰਾਂ ਵਾਲੀ ਖਿੜਕੀ ਅਤੇ ਕੁਰਸੀਆਂ 'ਤੇ ਕਾਬਜ਼ ਹੋ ਜਾਂਦੇ ਹਨ। ਕਈ ਵਾਰ ਔਰਤਾਂ ਲੱਤਾਂ ਮੋੜ ਕੇ ਬੈਠ ਜਾਂਦੀਆਂ ਹਨ, ਪੈਰ ਕੁਰਸੀ 'ਤੇ ਰੱਖ ਲੈਂਦੀਆਂ ਹਨ। ਜੇ ਤੁਸੀਂ ਅਫਸਰਾਂ ਵਾਲੇ ਵੇਟਿੰਗ ਰੂਮ 'ਚ ਇੰਤਜ਼ਾਰ ਕਰਨ ਦੀ ਕੋਸ਼ਿਸ਼ ਕਰੋਗੇ, ਤਾਂ ਤੁਹਾਨੂੰ ਲਾਪਰਵਾਹੀ ਵਾਲਾ ਰਵੱਈਆ ਮਿਲੇਗਾ—ਲੋਕ ਲੰਮੇ ਪੈ ਕੇ ਸੌਂ ਰਹੇ ਹੁੰਦੇ ਹਨ। ਅਧਿਕਾਰੀ ਇਸ ਲਾਪਰਵਾਹੀ ਬਾਰੇ ਜਾਣਦੇ ਹਨ, ਪਰ ਕੁਝ ਵੀ ਬਦਲਦਾ ਨਹੀਂ ਜਾਪਦਾ। ਉਸ ਦਿਨ ਵੀ ਕੁਝ ਵੱਖਰਾ ਨਹੀਂ ਸੀ। ਇਹ ਬਜ਼ੁਰਗ ਸਾਬਕਾ ਫੌਜੀ, ਜ਼ਿਆਦਾਤਰ ਪੁਰਾਣੀਆਂ ਬੈਚਾਂ ਦੇ, ਆਪਣੇ ਪਹਿਨਾਵੇ ਨੂੰ ਲੈ ਕੇ ਵੀ ਲਾਪਰਵਾਹ ਹੁੰਦੇ ਹਨ। ਦਿਲਚਸਪ ਗੱਲ ਇਹ ਹੈ ਕਿ ਉਹ ਤੁਹਾਨੂੰ ਨਫ਼ਰਤ ਭਰੀਆਂ ਅੱਖਾਂ ਨਾਲ ਘੂਰਦੇ ਹਨ, ਜਿਵੇਂ ਉਹ ਸਾਲਾਂ ਤੋਂ ਅਫਸਰ ਭਾਈਚਾਰੇ ਪ੍ਰਤੀ ਇਹ ਨਫ਼ਰਤ ਸੰਭਾਲੀ ਬੈਠੇ ਹੋਣ।

ਖੈਰ, ਮਹੀਨੇ ਦੀ ਦਵਾਈ ਲੈਣ ਤੋਂ ਬਾਅਦ ਮੈਂ ਬਾਹਰ ਸੜਕ 'ਤੇ ਆ ਗਿਆ। ਘਰ ਜਾਣ ਦੀ ਬਜਾਏ ਮੈਂ ਪਿੰਡਾਂ ਵੱਲ ਜਾਣ ਦਾ ਫੈਸਲਾ ਕੀਤਾ। ਕੈਂਟ ਬਾਜ਼ਾਰ ਪਾਰ ਕਰਕੇ ਮੈਂ ਦੋਹਰੀ ਸੜਕ 'ਤੇ ਆ ਗਿਆ, ਸੱਜੇ ਮੁੜਿਆ, ਅਤੇ ਤੇਜ਼ ਰਫ਼ਤਾਰ ਨਾਲ ਅੱਗੇ ਵਧਦਾ ਗਿਆ।

ਖਾਲੀ ਸੜਕ 'ਤੇ ਗੱਡੀ ਚਲਾਉਣਾ ਆਪਣੇ ਆਪ 'ਚ ਹੀ ਖੁਸ਼ੀ ਦਿੰਦਾ ਹੈ। ਰਫ਼ਤਾਰ ਫੜਨ ਨਾਲ ਮਨ ਖੁਸ਼ ਹੋ ਜਾਂਦਾ ਹੈ, ਅਤੇ ਤੁਸੀਂ ਆਪਣੇ ਆਪ ਨੂੰ ਜਵਾਨ ਮਹਿਸੂਸ ਕਰਦੇ ਹੋ। ਪਿੰਡਾਂ ਦਾ ਕਿੰਨਾ ਖੁੱਲ੍ਹਾ ਦ੍ਰਿਸ਼ ਹੁੰਦਾ ਹੈ। ਭਾਵੇਂ ਵਾਢੀ ਖਤਮ ਹੋ ਚੁੱਕੀ ਸੀ, ਫਿਰ ਵੀ ਹਰੇ ਚਾਰੇ ਦੀਆਂ ਫਸਲਾਂ ਦੇ ਟੁਕੜੇ-ਟੁਕੜੇ ਦਿਖਾਈ ਦੇ ਰਹੇ ਸਨ।

ਕੈਂਟ-ਜਮਸ਼ੇਰ ਸੜਕ 'ਤੇ ਲਗਭਗ 10 ਮਿੰਟ ਚਲਾਉਣ ਤੋਂ ਬਾਅਦ, ਮੈਂ ਬਿਨਾਂ ਮੰਜ਼ਿਲ ਜਾਣੇ ਸੱਜੇ ਮੁੜ ਗਿਆ। ਮੇਰੇ ਦਿਮਾਗ 'ਚ ਹਲਕੀ-ਹਲਕੀ ਨਕੋਦਰ-ਜਲੰਧਰ ਦੀ ਸੜਕ ਸੀ, ਪਰ GPS 'ਤੇ ਰਸਤਾ ਸੈੱਟ ਕਰਨਾ ਠੀਕ ਨਹੀਂ ਲੱਗਿਆ।

ਮੈਂ ਇੱਕ ਲਿੰਕ ਰੋਡ 'ਤੇ ਚਲਾ ਗਿਆ ਅਤੇ ਉੱਥੇ ਇੱਕ ਪੁਰਾਣੀ ਮਸਜਿਦ ਮਿਲੀ ਜਿਸਦੇ ਉੱਪਰ ਲਾਊਡਸਪੀਕਰ ਲੱਗਾ ਸੀ, ਇੱਕ ਉਜਾੜ ਇਮਾਰਤ, ਖੁੱਲ੍ਹੇ ਵੱਢੇ ਹੋਏ ਖੇਤ, ਦੂਰ ਪਿੰਡ, ਅਤੇ ਮੇਰੀ ਖੁਸ਼ਕਿਸਮਤੀ ਨਾਲ ਇੱਕ ਚੱਲਦਾ ਟਿਊਬਵੈੱਲ। ਮੈਂ ਉੱਥੇ ਰੁਕਣ ਅਤੇ ਵਗਦੇ ਪਾਣੀ ਦਾ ਆਨੰਦ ਲੈਣ ਦਾ ਫੈਸਲਾ ਕੀਤਾ। ਗੱਡੀ ਪਾਰਕ ਕਰਕੇ ਮੈਂ ਪਿੰਡਾਂ ਦਾ ਬਿਹਤਰ ਨਜ਼ਾਰਾ ਲੈਣ ਲਈ ਉਜਾੜ ਇਮਾਰਤ 'ਤੇ ਚੜ੍ਹ ਗਿਆ।ਇਹ ਅਪਣੀ ਕਿਸਮ ਦਾ ਨਜ਼ਾਰਾ ਸੀ।

ਮੇਰਾ ਮਨ ਕਰ ਰਿਹਾ ਸੀ ਕਿ ਮੈਂ ਕੱਪੜਿਆਂ ਸਮੇਤ ਹੀ ਪਾਣੀ ਦੇ ਚਬੱਚੇ 'ਚ ਛਾਲ ਮਾਰ ਦਿਆਂ। ਮੈਂ ਜਾਣਦਾ ਸਾਂ ਕਿ ਮੈਂ ਅਜਿਹੀ ਪਾਗਲਪਣ ਵਾਲੀ ਹਰਕਤ ਕਰ ਸਕਦਾ ਹਾਂ। ਸਿਰਫ਼ ਇੱਕ ਕੁੱਦਰਤ ਪ੍ਰੇਮੀ
ਹੀ ਅਜਿਹੀਆਂ ਸਥਿਤੀਆਂ ਲੱਭਦਾ ਹੈ। ਖੈਰ ਕੁਝ ਅਣਮੰਨੇ ਜਿਹੇ ਮੈਂ ਉੱਥੇ ਦੀਆਂ ਕੁਝ ਤਸਵੀਰਾਂ ਖਿੱਚਣ 'ਤੇ ਹੀ ਸੰਤੁਸ਼ਟ ਹੋ ਗਿਆ।

ਜਿਥੇ ਚਾਹ-ਉਥੇ ਰਾਹ ਵਾਲੀ ਗੱਲ ਹੋਈ। ਥੋੜ੍ਹੀ ਦੇਰ ਬਾਅਦ ਇੱਕ ਪਿੰਡ ਦਾ ਵਸਨੀਕ ਐਕਟਿਵਾ 'ਤੇ ਆ ਗਿਆ। ਮੈਂ ਉਸ ਨਾਲ ਗੱਲਬਾਤ ਕੀਤੀ ਅਤੇ ਪਤਾ ਲੱਗਾ ਕਿ ਉਹ ਨੇੜੇ ਦੇ ਪਿੰਡ ਦਾ ਚੌਕੀਦਾਰ ਸੀ। ਉਹ ਆਪਣੀ ਮੱਝ ਲਈ ਚਾਰਾ ਲੈਣ ਆਇਆ ਸੀ। ਮੈਂ ਉਸਨੂੰ ਥੋੜ੍ਹਾ ਅੱਗੇ ਦਿਖਾਈ ਦੇਣ ਵਾਲੀਆਂ ਉਨ੍ਹਾਂ ਦੋ ਇਮਾਰਤਾਂ ਬਾਰੇ ਪੁੱਛਿਆ ਜੋ ਗੁਰਦੁਆਰੇ ਨੁਮਾਂ ਲੱਗ ਰਹੀਆਂ ਸਨ।

ਉਸਨੇ ਦੱਸਿਆ ਕਿ ਉਹ ਗੁਰਦੁਆਰੇ ਨਹੀਂ ਸਨ, ਬਲਕਿ 'ਵਡੇਰੇ' ਸਨ। ਪਿੰਡ ਦੇ ਜੱਟ ਸਿੱਖ ਪਰਿਵਾਰ ਸਾਲ 'ਚ ਇੱਕ ਵਾਰ ਆਪਣੇ ਵਡੇਰਿਆਂ, ਆਪਣੇ ਪੁੱਰਖਿਆਂ ਨੂੰ ਯਾਦ ਕਰਨ ਲਈ ਇਕੱਠੇ ਹੁੰਦੇ ਹਨ। ਪਿੰਡ ਵਾਸੀਆਂ ਦੀ ਆਪਣੇ ਪੁੱਰਖਿਆਂ ਪ੍ਰਤੀ ਸ਼ਰਧਾ ਦੇਖ ਕੇ ਮੈਂ ਪ੍ਰਭਾਵਿਤ ਹੋਇਆ। ਮੈਂ ਜਲੰਧਰ ਦੇ ਆਲੇ-ਦੁਆਲੇ ਅਜਿਹੀਆਂ ਇਮਾਰਤਾਂ ਪਹਿਲਾਂ ਵੀ ਦੇਖੀਆਂ ਸਨ। ਸੱਚਮੁੱਚ ਇੱਕ ਵਧੀਆ ਵਿਚਾਰ ਹੈ।

ਉਸ ਵਿਅਕਤੀ ਨੇ ਛੋਟਾ ਪਟਕਾ ਬੰਨਿਆਂ ਹੋਇਆ ਸੀ। ਮੈਂ ਪੁੱਛਿਆ," ਕੀ ਉਹ ਇਹ ਮੈਨੂੰ ਦੇ ਸਕਦਾ ਹੈ ਤਾਂ ਜੋ ਮੈਂ ਟਿਊਬਵੈੱਲ 'ਤੇ ਨਹਾ ਸਕਾਂ?" । ਉਹ ਮੁਸਕਰਾਇਆ, ਆਪਣੇ ਐਕਟਿਵਾ ਦੀ ਡਿਕੀ ਖੋਲ੍ਹੀ, ਅਤੇ ਮੈਨੂੰ ਇੱਕ ਕਾਫ਼ੀ ਵਧੀਆ ਪਟਕਾ ਫੜਾ ਦਿੱਤਾ। ਮੈਂ ਉਸਦੇ ਇਸ ਹਾਵ-ਭਾਵ ਤੋਂ ਖੁਸ਼ ਹੋਇਆ ਅਤੇ ਖੁੱਲ੍ਹੇ ਪਾਣੀ 'ਚ ਨਹਾਉਣ ਦਾ ਪੂਰਾ ਆਨੰਦ ਲਿਆ।




ਮੈਂ ਆਪਣਾ ਸਿਰ ਨਾਲ 'ਚ ਨਿਕਲਦੇ ਪਾਣੀ ਹੇਠ ਧੱਕ ਦਿਤਾ ਅਤੇ ਤੁਹਾਨੂੰ ਕੀ ਦੱਸਾਂ, ਮੇਰੀ ਖੁਸ਼ੀ ਦੀ ਕੋਈ ਹੱਦ ਨਹੀਂ ਸੀ। ਲਗਭਗ 10 ਮਿੰਟ ਬਾਅਦ ਮਹਿਸੂਸ ਹੋਇਆ ਕਿ ਮੇਰਾ ਗਰਮੀਆਂ ਦਾ ਸਿਰਦਰਦ ਗਾਇਬ ਹੋ ਗਿਆ ਸੀ। ਜੋ ਪੈਰਾਸੀਟਾਮੋਲ ਨਹੀਂ ਕਰ ਸਕੀ, ਉਹ ਟਿਊਬਵੈੱਲ ਦੇ ਨਹਾਉਣ ਨੇ ਕਰ ਦਿਖਾਇਆ।

ਫਿਰ ਉਸ ਜਗ੍ਹਾ ਦਾ ਮਾਲਕ ਆ ਗਿਆ। ਮੈਂ ਉਸ ਨਾਲ ਵੀ ਗੱਲਾਂ ਕੀਤੀਆਂ। ਜਾਂਦੇ ਸਮੇਂ ਮੈਂ ਚੌਕੀਦਾਰ ਦਾ ਧੰਨਵਾਦ ਕੀਤਾ ਅਤੇ ਹਮਦਰਦੀ ਵਜੋਂ ਉਸਨੂੰ 50 ਰੁਪਏ ਦੇ ਦਿੱਤੇ। ਉਸਨੇ ਉਹ ਰਕਮ ਅਣਮਨੇ ਜਿਹੇ ਸਵੀਕਾਰ ਕਰ ਲਈ।


....ਜਾਰੀ ਰਹੇਗਾ..






ਆਪਣੀਆਂ ਰਚਨਾਵਾਂ ਨੂੰ ਛਪਵਾਉਣ ਲਈ ਹੇਠਾਂ ਦਿੱਤੇ ਗਏ ਨੰਬਰਾਂ ਤੇ ਸੰਪਰਕ ਕਰੋ।

" ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ । ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸਬੰਧਿਤ ਲੇਖਕ ਹੀ ਜ਼ਿੰਮੇਵਾਰ ਹੋਵੇਗਾ , ਅਦਾਰਾ ਜਾਂ ਸੰਪਾਦਕ ਮੰਡਲ ਨਹੀਂ। "

E-mail:- adbivirsat@gmail.com

WHATSAPP NUMBER :- 89689 - 33711 , 98720 - 79212



# ਅਦਬੀ ਵਿਰਾਸਤ

ਅੰਕ 06, ਸਥਾਪਨਾ ਦਸੂਹਾ, 05/07/2026,ਦਿਨ ਐਤਵਾਰ ( ਨਾਨਕਸ਼ਾਹੀ ਸੰਮਤ 21 ਹਾੜ 558) adbivirsat@gmail.com


## ਚੇਤਨ ਬ੍ਰਹਿਮੰਡ: ਜਿੱਥੇ ਨਿਊਰੋਸਾਇੰਸ, ਮਨੋਵਿਗਿਆਨ ਅਤੇ ਪ੍ਰਾਚੀਨ ਗਿਆਨ ਮਿਲਦੇ ਹਨ

ਕਈ ਪੀੜ੍ਹੀਆਂ ਤੋਂ ਆਧੁਨਿਕ ਵਿਗਿਆਨ ਨੇ ਚੇਤਨਾ (Consciousness) ਨੂੰ ਮੁੱਖ ਤੌਰ 'ਤੇ ਭੌਤਿਕਵਾਦੀ ਨਜ਼ਰੀਏ ਨਾਲ ਸਮਝਿਆ ਹੈ। ਇਸ ਵਿਚਾਰਧਾਰਾ ਅਨੁਸਾਰ ਦਿਮਾਗ ਇੱਕ ਬਹੁਤ ਹੀ ਜਟਿਲ ਕੰਪਿਊਟਰ ਵਾਂਗ ਕੰਮ ਕਰਦਾ ਹੈ, ਅਤੇ ਚੇਤਨਾ ਅਰਬਾਂ ਨਿਊਰੋਨਾਂ ਦੀਆਂ ਗੁੰਝਲਦਾਰ ਕ੍ਰਿਆਵਾਂ ਤੋਂ ਉਤਪੰਨ ਹੁੰਦੀ ਹੈ। ਵਿਚਾਰ, ਭਾਵਨਾਵਾਂ, ਯਾਦਾਂ ਅਤੇ "ਮੈਂ" ਹੋਣ ਦੀ ਭਾਵਨਾ ਨੂੰ ਦਿਮਾਗੀ ਜੈਵਿਕ ਪ੍ਰਕਿਰਿਆਵਾਂ ਦਾ ਨਤੀਜਾ ਮੰਨਿਆ ਗਿਆ ਹੈ।

ਪਰ ਹੁਣ ਵਿਗਿਆਨੀਆਂ ਦਾ ਇੱਕ ਵਧਦਾ ਹੋਇਆ ਵਰਗ ਇਸ ਲੰਬੇ ਸਮੇਂ ਤੋਂ ਮੰਨੀ ਜਾ ਰਹੀ ਧਾਰਣਾ 'ਤੇ ਸਵਾਲ ਉਠਾ ਰਿਹਾ ਹੈ। ਨਿਊਰੋਸਾਇੰਟਿਸਟ ਡਾ. ਕ੍ਰਿਸਟੋਫ ਕੋਖ ਅਤੇ ਚੇਤਨਾ ਖੋਜਕਾਰ ਡਾ. ਨਿਕੋ ਰੇਜੇਂਟੇ ਵਰਗੇ ਵਿਦਵਾਨ ਇੱਕ ਵੱਖਰੀ ਸੰਭਾਵਨਾ ਵੱਲ ਇਸ਼ਾਰਾ ਕਰਦੇ ਹਨ: ਚੇਤਨਾ ਸ਼ਾਇਦ ਦਿਮਾਗ ਦੁਆਰਾ ਪੈਦਾ ਹੀ ਨਹੀਂ ਹੁੰਦੀ। ਇਹ ਸੰਭਵ ਹੈ ਕਿ ਚੇਤਨਾ ਖੁਦ ਬ੍ਰਹਿਮੰਡ ਦੀ ਇੱਕ ਮੂਲ ਵਿਸ਼ੇਸ਼ਤਾ ਹੋਵੇ—ਬਿਲਕੁਲ ਗੁਰੁਤਵਾਕਰਸ਼ਣ, ਪੁੰਜ, ਸਥਾਨ ਜਾਂ ਸਮੇਂ ਵਾਂਗ।

ਇਹ ਦ੍ਰਿਸ਼ਟੀਕੋਣ ਸਾਡੀ ਸਮਝ ਵਿੱਚ ਇੱਕ ਡੂੰਘਾ ਬਦਲਾਅ ਲਿਆਉਂਦਾ ਹੈ। ਇਸ ਅਨੁਸਾਰ ਦਿਮਾਗ ਚੇਤਨਾ ਦਾ ਸਿਰਜਣਹਾਰ ਨਹੀਂ, ਸਗੋਂ ਇੱਕ ਪ੍ਰਾਪਤਕਰਤਾ ਜਾਂ ਵਿਆਖਿਆਕਾਰ ਹੈ। ਜਿਵੇਂ ਇੱਕ ਰੇਡੀਓ ਤਰੰਗਾਂ ਨੂੰ ਪ੍ਰਾਪਤ ਕਰਦਾ ਹੈ ਪਰ ਪ੍ਰਸਾਰਣ ਨੂੰ ਖੁਦ ਪੈਦਾ ਨਹੀਂ ਕਰਦਾ, ਉਸੇ ਤਰ੍ਹਾਂ ਦਿਮਾਗ ਇੱਕ ਸਰਵਵਿਆਪਕ ਚੇਤਨਾ ਦੇ ਖੇਤਰ ਨੂੰ ਪ੍ਰਗਟ ਕਰਨ ਦਾ ਸਾਧਨ ਹੋ ਸਕਦਾ ਹੈ।

ਦਿਲਚਸਪ ਗੱਲ ਇਹ ਹੈ ਕਿ ਇਹ ਵਿਚਾਰ ਕੋਈ ਨਵਾਂ ਨਹੀਂ। ਆਧੁਨਿਕ ਨਿਊਰੋਸਾਇੰਸ ਤੋਂ ਹਜ਼ਾਰਾਂ ਸਾਲ ਪਹਿਲਾਂ ਭਾਰਤੀ ਰਿਸ਼ੀਆਂ ਅਤੇ ਦਰਸ਼ਨਿਕਾਂ ਨੇ ਇਸੇ ਤਰ੍ਹਾਂ ਦੀਆਂ ਧਾਰਣਾਵਾਂ ਦੀ ਖੋਜ ਕੀਤੀ ਸੀ। ਉਪਨਿਸ਼ਦਾਂ ਵਿੱਚ ਚੇਤਨਾ ਜਾਂ "ਚੈਤਨਯ" ਨੂੰ ਸਮੂਹ ਅਸਤਿਤਵ ਦੀ ਅੰਤਿਮ ਹਕੀਕਤ ਦੱਸਿਆ ਗਿਆ ਹੈ। ਉਪਨਿਸ਼ਦਾਂ ਦਾ ਪ੍ਰਸਿੱਧ ਮਹਾਵਾਕ "ਤੱਤ ਤ੍ਵਮ ਅਸਿ" (ਤੂੰ ਉਹੀ ਹੈਂ) ਇਸ ਗੱਲ ਵੱਲ ਇਸ਼ਾਰਾ ਕਰਦਾ ਹੈ ਕਿ ਵਿਅਕਤੀਗਤ ਚੇਤਨਾ ਅਤੇ ਬ੍ਰਹਿਮੰਡ ਚੇਤਨਾ ਅਸਲ ਵਿੱਚ ਇੱਕੋ ਹੀ ਹਨ।

ਸਿੱਖ ਧਰਮ ਦੇ ਸੰਸਥਾਪਕ ਗੁਰੂ ਨਾਨਕ ਦੇਵ ਜੀ ਨੇ ਵੀ ਇੱਕ ਸਰਬਵਿਆਪਕ ਚੇਤਨਾ ਦੀ ਗੱਲ ਕੀਤੀ ਜੋ ਸਾਰੇ ਜੀਵਾਂ ਵਿੱਚ ਵਹਿੰਦੀ ਹੈ। ਉਨ੍ਹਾਂ ਦੀ ਬਾਣੀ ਇਹ ਸੰਦੇਸ਼ ਦਿੰਦੀ ਹੈ ਕਿ ਵੱਖਰਾਪਣ ਇੱਕ ਭਰਮ ਹੈ ਅਤੇ ਸਾਰੀ ਸ੍ਰਿਸ਼ਟੀ ਇੱਕ ਹੀ ਦਿਵਿਆ ਸਰੋਤ ਤੋਂ ਉਤਪੰਨ ਹੋਈ ਹੈ। ਇਸੇ ਤਰ੍ਹਾਂ ਸੰਤ ਕਬੀਰ ਨੇ ਮਨੁੱਖ ਦੇ ਅੰਦਰ ਵੱਸਦੇ ਉਸ ਅਨੰਤ ਸੱਚ ਵੱਲ ਇਸ਼ਾਰਾ ਕੀਤਾ ਅਤੇ ਸੱਚ ਦੀ ਖੋਜ ਲਈ ਅੰਦਰ ਝਾਕਣ ਦਾ ਸੱਦਾ ਦਿੱਤਾ।

ਆਧੁਨਿਕ ਭਾਰਤ ਵਿੱਚ ਸਵਾਮੀ ਵਿਵੇਕਾਨੰਦ ਨੇ ਇਹ ਵਿਚਾਰ ਪੱਛਮੀ ਸੰਸਾਰ ਤੱਕ ਪਹੁੰਚਾਏ। ਉਨ੍ਹਾਂ ਦਾ ਮੰਨਣਾ ਸੀ ਕਿ ਚੇਤਨਾ ਪਦਾਰਥ ਦਾ ਨਤੀਜਾ ਨਹੀਂ, ਸਗੋਂ ਪਦਾਰਥ ਖੁਦ ਚੇਤਨਾ ਦੀ ਅਭਿਵਿਅਕਤੀ ਹੈ। ਇਸ ਤੋਂ ਬਾਅਦ ਜਿੱਦੂ ਕ੍ਰਿਸ਼ਨਮੂਰਤੀ ਨੇ ਵੀ ਇਹ ਸੰਭਾਵਨਾ ਪ੍ਰਗਟ ਕੀਤੀ ਕਿ ਅਸਲ ਜਾਗਰੂਕਤਾ ਵਿਅਕਤੀਗਤ ਵਿਚਾਰਾਂ ਅਤੇ ਮਨੋਵਿਗਿਆਨਕ ਸ਼ਰਤਬੱਧਤਾ ਤੋਂ ਪਰੇ ਮੌਜੂਦ ਹੈ।

ਬਾਕੀ ਅਗਲੇ ਪੰਨੇ ਤੇ......

**ਡਾ. ਪਰਦੀਪ ਨਾਂਗਲੂ**





ਆਪਣੀਆਂ ਰਚਨਾਵਾਂ ਨੂੰ ਛਪਵਾਉਣ ਲਈ ਹੇਠਾਂ ਦਿੱਤੇ ਗਏ ਨੰਬਰਾਂ ਤੇ ਸੰਪਰਕ ਕਰੋ।

" ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ । ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸਬੰਧਿਤ ਲੇਖਕ ਹੀ ਜ਼ਿੰਮੇਵਾਰ ਹੋਵੇਗਾ , ਅਦਾਰਾ ਜਾਂ ਸੰਪਾਦਕ ਮੰਡਲ ਨਹੀਂ। "

E-mail:- adbivirsat@gmail.com

WHATSAPP NUMBER :- 89689 - 33711 , 98720 - 79212



# ਅਦਬੀ ਵਿਰਾਸਤ

ਅੰਕ 06, ਸਥਾਪਨਾ ਦਸੂਹਾ, 05/07/2026,ਦਿਨ ਐਤਵਾਰ ( ਨਾਨਕਸ਼ਾਹੀ ਸੰਮਤ 21 ਹਾੜ 558) adbivirsat@gmail.com

## ਚੇਤਨ ਬ੍ਰਹਿਮੰਡ: ਜਿੱਥੇ ਨਿਊਰੋਸਾਇੰਸ, ਮਨੋਵਿਗਿਆਨ ਅਤੇ ਪ੍ਰਾਚੀਨ ਗਿਆਨ ਮਿਲਦੇ ਹਨ

ਵਿਗਿਆਨਕ ਦ੍ਰਿਸ਼ਟੀ ਤੋਂ ਇਸ ਵਿਚਾਰ ਦੇ ਡੂੰਘੇ ਅਰਥ ਹਨ। ਨਿਊਰੋਸਾਇੰਸ ਦਾ ਸਭ ਤੋਂ ਵੱਡਾ ਰਹੱਸ "ਹਾਰਡ ਪ੍ਰਾਬਲਮ ਆਫ ਕਾਨਸ਼ਸਨੈੱਸ" ਇਹ ਪੁੱਛਦਾ ਹੈ ਕਿ ਭੌਤਿਕ ਪਦਾਰਥ ਕਿਵੇਂ ਵਿਅਕਤੀਗਤ ਅਨੁਭਵ ਵਿੱਚ ਬਦਲ ਜਾਂਦਾ ਹੈ। ਜੇ ਚੇਤਨਾ ਮੂਲ ਹੈ, ਤਾਂ ਇਹ ਪ੍ਰਸ਼ਨ ਹੀ ਬਦਲ ਜਾਂਦਾ ਹੈ। ਫਿਰ ਵਿਗਿਆਨੀ ਇਹ ਨਹੀਂ ਪੁੱਛਣਗੇ ਕਿ ਦਿਮਾਗ ਚੇਤਨਾ ਕਿਵੇਂ ਪੈਦਾ ਕਰਦਾ ਹੈ, ਸਗੋਂ ਇਹ ਕਿ ਦਿਮਾਗ ਪਹਿਲਾਂ ਤੋਂ ਮੌਜੂਦ ਚੇਤਨਾ ਨਾਲ ਕਿਵੇਂ ਸੰਪਰਕ ਕਰਦਾ ਹੈ।

ਭਾਵੇਂ ਇਹ ਸਿਧਾਂਤ ਅਜੇ ਵੀ ਵਿਵਾਦਗ੍ਰਸਤ ਹੈ ਅਤੇ ਸਾਰਿਆਂ ਵੱਲੋਂ ਸਵੀਕਾਰ ਨਹੀਂ ਕੀਤਾ ਗਿਆ, ਪਰ ਇਹ ਵਿਗਿਆਨ, ਦਰਸ਼ਨ ਅਤੇ ਆਧਿਆਤਮਿਕਤਾ ਵਿਚਕਾਰ ਇੱਕ ਨਵੇਂ ਸੰਵਾਦ ਦੇ ਦਰਵਾਜ਼ੇ ਖੋਲ੍ਹਦਾ ਹੈ। ਇਹ ਸਾਨੂੰ ਆਪਣੇ ਆਪ ਤੋਂ ਇਹ ਪੁੱਛਣ ਲਈ ਪ੍ਰੇਰਿਤ ਕਰਦਾ ਹੈ ਕਿ ਕੀ ਚੇਤਨਾ ਸਿਰਫ਼ ਸਾਡੇ ਅੰਦਰ ਹੈ ਜਾਂ ਅਸੀਂ ਖੁਦ ਉਸ ਵਿਸ਼ਾਲ ਚੇਤਨਾ ਦੇ ਹਿੱਸੇ ਹਾਂ।

### ਓਸ਼ੋ ਦਾ ਚੇਤਨਾ ਬਾਰੇ ਦ੍ਰਿਸ਼ਟੀਕੋਣ

ਓਸ਼ੋ ਨੇ ਚੇਤਨਾ ਬਾਰੇ ਇੱਕ ਵਿਲੱਖਣ ਅਤੇ ਉਤੇਜਕ ਦ੍ਰਿਸ਼ਟੀਕੋਣ ਪੇਸ਼ ਕੀਤਾ, ਜੋ ਇਸ ਵਿਚਾਰ ਨਾਲ ਗਹਿਰਾ ਮੇਲ ਖਾਂਦਾ ਹੈ ਕਿ ਚੇਤਨਾ ਦਿਮਾਗ ਦੀ ਉਤਪੱਤੀ ਨਹੀਂ, ਸਗੋਂ ਅਸਤਿਤਵ ਦੀ ਮੂਲ ਸੱਚਾਈ ਹੈ। ਓਸ਼ੋ ਦੇ ਅਨੁਸਾਰ ਮਨ ਵਿਚਾਰਾਂ, ਯਾਦਾਂ ਅਤੇ ਸਮਾਜਿਕ ਸ਼ਰਤਬੱਧਤਾ ਦਾ ਇਕੱਠ ਹੈ, ਜਦਕਿ ਚੇਤਨਾ ਉਹ ਮੌਨ ਸਾਕਸ਼ੀ ਹੈ ਜੋ ਇਨ੍ਹਾਂ ਸਭ ਨੂੰ ਦੇਖਦੀ ਹੈ।


ਉਨ੍ਹਾਂ ਦੇ ਉਪਦੇਸ਼ਾਂ ਅਨੁਸਾਰ ਮਨੁੱਖ ਚੇਤਨਾ ਦਾ ਮਾਲਕ ਨਹੀਂ, ਸਗੋਂ ਚੇਤਨਾ ਆਪ ਹੈ। ਧਿਆਨ ਅਤੇ ਸਵੈ-ਨਿਰੀਖਣ ਰਾਹੀਂ ਵਿਅਕਤੀ ਆਪਣੇ ਸਰੀਰ ਅਤੇ ਮਨ ਨਾਲ ਜੁੜੀ ਪਹਿਚਾਣ ਤੋਂ ਉੱਪਰ ਉੱਠ ਕੇ ਉਸ ਸਰਬਵਿਆਪਕ ਜਾਗਰੂਕਤਾ ਦਾ ਅਨੁਭਵ ਕਰ ਸਕਦਾ ਹੈ। ਓਸ਼ੋ ਅਕਸਰ ਚੇਤਨਾ ਦੀ ਤੁਲਨਾ ਅਸੀਮ ਆਕਾਸ਼ ਨਾਲ ਅਤੇ ਵਿਚਾਰਾਂ ਦੀ ਤੁਲਨਾ ਲੰਘਦੇ ਬੱਦਲਾਂ ਨਾਲ ਕਰਦੇ ਸਨ। ਉਨ੍ਹਾਂ ਦਾ ਕਹਿਣਾ ਸੀ ਕਿ ਸਾਡੀ ਅਸਲ ਹਸਤੀ ਉਹ ਅਡੋਲ ਜਾਗਰੂਕਤਾ ਹੈ ਜੋ ਹਰ ਅਨੁਭਵ ਦੇ ਪਿੱਛੇ ਮੌਜੂਦ ਹੈ। ਇਸ ਅਰਥ ਵਿੱਚ ਓਸ਼ੋ ਦੀਆਂ ਸਿੱਖਿਆਵਾਂ ਪ੍ਰਾਚੀਨ ਪੂਰਬੀ ਗਿਆਨ ਅਤੇ ਆਧੁਨਿਕ ਚੇਤਨਾ ਖੋਜ ਦੋਵਾਂ ਨਾਲ ਡੂੰਘੀ ਸਾਂਝ ਰੱਖਦੀਆਂ ਹਨ।

ਚਾਹੇ ਭਵਿੱਖ ਵਿੱਚ ਇਹ ਸਾਬਤ ਹੋਵੇ ਕਿ ਚੇਤਨਾ ਦਿਮਾਗ ਦੀ ਉਤਪੱਤੀ ਹੈ ਜਾਂ ਬ੍ਰਹਿਮੰਡ ਦੀ ਇੱਕ ਮੂਲ ਵਿਸ਼ੇਸ਼ਤਾ, ਇਹ ਮਨੁੱਖਤਾ ਸਾਹਮਣੇ ਖੜ੍ਹੇ ਸਭ ਤੋਂ ਡੂੰਘੇ ਪ੍ਰਸ਼ਨਾਂ ਵਿੱਚੋਂ ਇੱਕ ਰਹੇਗਾ। ਪਰ ਇੱਕ ਗੱਲ ਦਿਨੋ-ਦਿਨ ਸਪਸ਼ਟ ਹੋ ਰਹੀ ਹੈ ਕਿ ਚੇਤਨਾ ਦੇ ਰਹੱਸ ਨੂੰ ਕਿਸੇ ਇੱਕ ਹੀ ਦ੍ਰਿਸ਼ਟੀਕੋਣ—ਵਿਗਿਆਨਕ, ਦਰਸ਼ਨਿਕ ਜਾਂ ਆਧਿਆਤਮਿਕ—ਰਾਹੀਂ ਪੂਰੀ ਤਰ੍ਹਾਂ ਨਹੀਂ ਸਮਝਿਆ ਜਾ ਸਕਦਾ।

ਜਿਵੇਂ-ਜਿਵੇਂ ਨਿਊਰੋਸਾਇੰਸ ਅੱਗੇ ਵਧ ਰਹੀ ਹੈ ਅਤੇ ਪ੍ਰਾਚੀਨ ਗਿਆਨ ਪਰੰਪਰਾਵਾਂ ਆਪਣੀਆਂ ਸਦੀਵੀ ਸੂਝਾਂ ਪ੍ਰਦਾਨ ਕਰ ਰਹੀਆਂ ਹਨ, ਤਿਵੇਂ-ਤਿਵੇਂ ਪ੍ਰਯੋਗਸ਼ਾਲਾ ਅਤੇ ਧਿਆਨ ਮੰਦਰ, ਤਰਕ ਅਤੇ ਅਨੁਭਵ, ਵਿਗਿਆਨ ਅਤੇ ਆਧਿਆਤਮਿਕਤਾ ਵਿਚਕਾਰ ਇੱਕ ਨਵਾਂ ਸੰਵਾਦ ਜਨਮ ਲੈ ਰਿਹਾ ਹੈ।

ਉਪਨਿਸ਼ਦਾਂ, ਗੁਰੂ ਨਾਨਕ ਦੇਵ ਜੀ, ਕਬੀਰ, ਸਵਾਮੀ ਵਿਵੇਕਾਨੰਦ ਅਤੇ ਓਸ਼ੋ ਦੀਆਂ ਸਿੱਖਿਆਵਾਂ ਸਾਨੂੰ ਇੱਕ ਅਜਿਹੀ ਹਕੀਕਤ ਵੱਲ ਇਸ਼ਾਰਾ ਕਰਦੀਆਂ ਹਨ ਜਿੱਥੇ ਚੇਤਨਾ ਕੋਈ ਚੀਜ਼ ਨਹੀਂ ਜੋ ਅਸੀਂ ਰੱਖਦੇ ਹਾਂ; ਇਹ ਉਹ ਸੱਚ ਹੈ ਜੋ ਅਸੀਂ ਹਾਂ। ਆਧੁਨਿਕ ਚੇਤਨਾ ਖੋਜ ਵੀ ਹੌਲੀ-ਹੌਲੀ ਇਸੇ ਸੰਭਾਵਨਾ ਵੱਲ ਦਰਵਾਜ਼ੇ ਖੋਲ੍ਹਦੀ ਦਿਖਾਈ ਦਿੰਦੀ ਹੈ।

ਸ਼ਾਇਦ ਭਵਿੱਖ ਦੀ ਸਭ ਤੋਂ ਮਹਾਨ ਖੋਜ ਦੂਰਲੇ ਗ੍ਰਹਿਆਂ ਜਾਂ ਨਵੀਂ ਤਕਨਾਲੋਜੀ ਵਿੱਚ ਨਹੀਂ, ਸਗੋਂ ਚੇਤਨਾ ਦੀ ਡੂੰਘੀ ਸਮਝ ਵਿੱਚ ਲੁਕੀ ਹੋਵੇਗੀ। ਕਿਉਂਕਿ ਚੇਤਨਾ ਨੂੰ ਸਮਝਣ ਦੀ ਯਾਤਰਾ ਅਸਲ ਵਿੱਚ ਬ੍ਰਹਿਮੰਡ ਨੂੰ ਅਤੇ ਆਪਣੇ ਆਪ ਨੂੰ ਸਮਝਣ ਦੀ ਯਾਤਰਾ ਹੈ—ਇੱਕ ਅਜਿਹੇ ਰਹੱਸ ਵਜੋਂ ਜੋ ਸਭ ਵਿੱਚ ਵੱਸਦਾ ਹੈ ਅਤੇ ਸਭ ਨੂੰ ਜੋੜਦਾ ਹੈ।



ਡਾ. ਪਰਦੀਪ ਨਾਂਗਲੂ
ਮਨੋਵਿਗਿਆਨੀ , ਹੋਲਿਸਟਿਕ
ਹੈਲਥ ਐਜੂਕੇਟਰ
ਕੈਲੀਫੋਨੀਆ, ਅਮਰੀਕਾ




ਆਪਣੀਆਂ ਰਚਨਾਵਾਂ ਨੂੰ ਛਪਵਾਉਣ ਲਈ ਹੇਠਾਂ ਦਿੱਤੇ ਗਏ ਨੰਬਰਾਂ ਤੇ ਸੰਪਰਕ ਕਰੋ।

" ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ । ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸਬੰਧਿਤ ਲੇਖਕ ਹੀ ਜ਼ਿੰਮੇਵਾਰ ਹੋਵੇਗਾ , ਅਦਾਰਾ ਜਾਂ ਸੰਪਾਦਕ ਮੰਡਲ ਨਹੀਂ। "

E-mail:- adbivirsat@gmail.com

WHATSAPP NUMBER :- 89689 - 33711 , 98720 - 79212







ਪੰਜਾਬੀ ਸਾਹਿਤ ਅਤੇ ਸਾਹਿਤ ਪ੍ਰੇਮੀਆਂ ਦੀ ਪਹਿਲੀ ਅਤੇ ਖਾਸ ਮੰਗ

# ਅਦਬੀ ਵਿਰਾਸਤ

ਅੰਕ 06

ਸਾਹਿਤ ਸਾਡੀ ਵਿਰਾਸਤ... ਕਲਮ ਸਾਡੀ ਪਹਿਚਾਣ




ਵੱਲੋਂ :- ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ (ਰਜਿ.) ਪੰਜਾਬ , ( ਓਵਰਸੀਜ਼ ਦਫ਼ਤਰ ਕੈਲਗਿਰੀ, ਕਨੇਡਾ)

ਅੰਕ 06 , ਸਥਾਪਨਾ -ਦਸੂਹਾ, 05/07/2026 ਦਿਨ ਐਤਵਾਰ (ਨਾਨਕਸ਼ਾਹੀ ਸੰਮਤ 20 ਹਾੜ 558)adbivirsat@gmail.com


## ਵਿਕਾਸ ਬਨਾਮ ਵਿਨਾਸ਼

ਕਿਰਤ ਕਰਨ ਦੀ ਪਿਰਤ ਗਈ-ਗੁਆਚੀ,
ਹੇਰਾਫੇਰੀ-ਮੁਫ਼ਤਖੋਰੀ ਅੱਜ ਆਮ ਹੈ ਹੋਈ।
ਹੱਥੀਂ ਮਿਹਨਤ-ਮੁਸ਼ੱਕਤ ਕੋਈ ਵਿਰਲਾ ਕਰਦਾ,
ਹੱਥਲੇ ਸੰਦਾਂ ਦੀ ਥਾਂ ਮਸ਼ੀਨਰੀ ਪ੍ਰਧਾਨ ਹੈ ਹੋਈ।

ਸੁੱਖ-ਸਹੂਲਤਾਂ ਨੇ ਸਰੀਰ ਨਕਾਰਾ ਕਰ ਦਿੱਤੇ,
ਹਿੰਮਤ-ਤਾਕਤ ਪਹਿਲਾਂ ਵਰਗੀ ਰਹੀ ਨਾ ਕੋਈ।
ਚੰਦਰੇ ਨਸ਼ਿਆਂ ਦੇ ਲੋਕੀਂ ਹੁੰਦੇ ਜਾਂਦੇ ਆਦੀ,
ਚੋਰੀਆਂ-ਝੱਪਟਾਂ,ਲੁੱਟਾਂ-ਖੋਹਾਂ ਦੀ ਭਰਮਾਰ ਹੈ ਹੋਈ।

ਪੈਦਲ ਪੈਂਡੇ ਸਭ ਨੂੰ ਤੰਦਰੁਸਤ ਰੱਖਦੇ ਸੀ ਪਹਿਲਾਂ,
ਮਸ਼ੀਨਰੀ ਕਾਰਨ ਜਾਨ, ਬੇਜਾਨ ਹੈ ਅੱਜ ਹੋਈ।
ਸੜਕਾਂ ਤੇ ਭੀੜ-ਭੜੱਕਾ ਨਿੱਤ ਹੈ ਵੱਧਦਾ ਜਾਂਦਾ,
ਸੁਰੱਖਿਅਤ ਨਹੀਂ ਰਿਹਾ ਆਉਂਦਾ-ਜਾਂਦਾ ਕੋਈ।

ਜ਼ਹਿਰ ਸਪਰੇਆਂ ਤੋਂ ਬਿਨਾ ਨਹੀਂ ਖੇਤੀ ਹੁੰਦੀ,
ਹਾਏ-ਹਾਏ ਕਰਦਾ ਫਿਰਦਾ ਹੈ ਅੱਜ ਹਰ ਕੋਈ।
ਤੰਦਰੁਸਤੀ ਸੱਭ ਤੋਂ ਵੱਡੀ ਨਿਆਮਤ ਹੈ ਹੁੰਦੀ,
ਬਿਮਾਰੀਆਂ ਅੱਗੇ,ਪੈਸੇ ਦੀ ਪੇਸ਼ ਨਾ ਜਾਂਦੀ ਕੋਈ।

ਮੋਬਾਈਲਾਂ ਨੇ ਦਿਲ-ਦਿਮਾਗ ਤੇ ਹੈ ਕੀਤਾ ਕਬਜਾ,
ਇੱਕ-ਦੂਜੇ ਕੋਲ ਨਹੀਂ ਬਹਿੰਦਾ-ਉੱਠਦਾ ਅੱਜ ਕੋਈ।
ਵਿਕਾਸ,ਵਿਨਾਸ਼ ਦੇ ਰਾਹ ਤੇ ਲੈਕੇ ਹੈ ਤੁਰਿਆ ਜਾਂਦਾ,
ਬੱਚ ਜਾਓ ਲੋਕੋ !ਜੇਕਰ ਬੱਚ ਸਕਦਾ ਹੈ ਕੋਈ।




## ਸ਼ਾਇਰਾਂ ਦਾ ਜੀਵਨ

"ਕੋਈ ਮਾਂ ਬਾਪ ਜਨਮ ਤੋਂ ਕਦੇ ਕਵੀ ਨਹੀਂ ਜਣਦਾ।
ਟੁੱਟੇ ਜਦੋਂ ਦਿਲ ਕਿਸੇ ਦਾ ਉਦੋਂ ਉਹ ਕਵੀ ਹੈ ਬਣਦਾ।"
ਸ਼ਾਇਰ ਵਿਚਾਰੇ ਕਿੰਨੇ ਬਦਨਸੀਬ ਹੁੰਦੇ ਨੇ।
ਸ਼ਾਇਰੀ ਦੀ ਦੌਲਤ ਹੁੰਦਿਆਂ ਵੀ ਗਰੀਬ ਹੁੰਦੇ ਨੇ।
ਸ਼ਾਇਰ ਮੁਸ਼ਾਰਿਆਂ 'ਚ ਰੰਗ ਬੰਨਦੇ ਨੇ ਖੂਬ,
ਮਾਈਕ ਜਦ ਮੂੰਹਾਂ ਦੇ ਕਰੀਬ ਹੁੰਦੇ ਨੇ।
ਇਹਨਾਂ ਕਰਮਾਂ ਮਾਰਿਆਂ ਦਾ ਹਾਲ ਕੁੱਝ ਨਾ ਪੁੱਛੋ,
ਇਹ ਵਿਚਾਰੇ ਇਸ਼ਕ ਦੇ ਮਰੀਜ਼ ਹੁੰਦੇ ਨੇ।
ਕਲਾਮ ਕਿਸੇ ਸ਼ਾਇਰ ਦਾ ਕਦੇ ਹੁੰਦਾ ਨਹੀਂ ਮਾੜਾ,
ਸੁਣਨ ਵਾਲਿਆਂ 'ਚ ਹੀ ਬੈਠੇ ਕਈ ਬਦਤਮੀਜ਼ ਹੁੰਦੇ ਨੇ।
ਸ਼ਾਇਰਾਂ ਨੂੰ ਪਛਾਣਨਾ ਕਦੇ ਹੁੰਦਾ ਨਹੀਂ ਮੁਸ਼ਕਿਲ।
ਇਹਨਾਂ ਦੀਆਂ ਘੁਟਵੀਆਂ ਪਜਾਮੀਆਂ ਤੇ ਗਲ਼ ਖੁੱਲੇ ਕਮੀਜ਼ ਹੁੰਦੇ ਨੇ।
ਇਹਨਾਂ ਦੇ ਮਨਾਂ 'ਚ ਕਿਸੇ ਲਈ ਹੁੰਦਾ ਨਹੀਂ ਕੋਈ ਮਨ ਮੁਟਾਵ,
ਇਹ ਤਾਂ ਬੜੇ ਮਿਲਾਪੜੇ ਤੇ ਹਰ ਦਿਲ ਅਜ਼ੀਜ਼ ਹੁੰਦੇ ਨੇ।
ਖਰਚੋਂ ਟੁੱਟੇ ਸ਼ਾਇਰ ਦੀ ਕੋਈ ਮਦਦ ਨਹੀਂ ਹੈ ਕਰਦਾ।
ਉਂਜ ਕਹਿਣ ਨੂੰ ਸਾਰੇ 'ਚੰਦੀ' ਦੇ ਹਬੀਬ ਹੁੰਦੇ ਨੇ।




## ਅਸੀਂ ਹੀ ਕੁੱਦਰਤੀ ਮੰਜ਼ਰ ਹਾਂ

ਤਾਰਿਆਂ ਭਰੀ ਰਾਤ ਨੂੰ ਨੀਝ ਨਾਲ ਤੱਕਣਾ,
ਕੁੱਦਰਤ ਦੀ ਅਨੰਤਤਾ ਦਾ ਮੰਜ਼ਰ ਹੈ,

ਡੁੱਬਦੇ-ਚੜ੍ਹਦੇ ਸੂਰਜ ਵੇਲੇ ਖ਼ਿਤਿਜ ਨੂੰ ਵੇਖਣਾਂ,
ਕੁੱਦਰਤ ਦੀ ਹੈਰਤ ਦਾ ਮੰਜ਼ਰ ਹੈ,

ਕੁੱਦਰਤ ਨਾਲ ਜੁੜਦਿਆਂ 2 ਇੰਸਾਂ ਪਤਾ ਨਹੀਂ ਕਿਥੇ-ਕਿਥੋਂ ਤੱਕ ਖੋਹ ਜਾਂਦੈ ?
ਪੰਛੀਆਂ ਦੀਆਂ ਅਵਾਜ਼ਾਂ ਨੂੰ ਸੁਨਣਾਂ ਕੁੱਦਰਤੀ ਆਰਕੈਸਟਰਾ ਦਾ ਮੰਜ਼ਰ ਹੈ।

ਲੰਮ-ਸਲੰਮੇਂ ਦਰੱਖਤਾਂ 'ਚੋਂ ਸੂਰਜ ਦੀਆਂ ਕਿਰਨਾਂ ਦਾ ਝਰਨਾਂ,
ਕੁੱਦਰਤ ਦੇ ਨਸ਼ਿਆ ਦੇਣ ਦਾ ਮੰਜ਼ਰ ਹੈ,

ਫੁੱਲਾਂ ਦੇ ਵੰਨ-ਸੁਵੰਨੇ ਰੰਗਾਂ ਨੂੰ ਵੇਖਣਾ,
ਕੁੱਦਰਤ ਦੀ ਵਿਵਿਧਤਾ ਦਾ ਮੰਜ਼ਰ ਹੈ,

ਅਸਲ 'ਚ ਕੁੱਦਰਤੀ ਕਿਸੇ ਵੀ ਚੀਜ਼ ਨੂੰ ਤੱਕਣਾ,
ਉਸ ਵਿਚ ਗੁੰਮ ਜਾਣਾ ਲਗਦੈ,

ਫੁੱਲਾਂ ਤੇ ਮੰਡਰਾਂਦੀਆਂ ਤਿੱਤਲੀਆਂ ਨਾਲ ਉੜਨਾਂ,
ਕੁੱਦਰਤ ਨਾਲ ਰੁੱਕ ਜਾਣ ਦਾ ਮੰਜ਼ਰ ਹੈ।

ਸੁਭਾਹ-ਸਵੇਰੇ ਖੁੱਲ੍ਹੇ ਖੇਤਾਂ ਦੀ ਹਰਿਆਵਲ ਨੂੰ ਤਕਣਾਂ,
ਕੁੱਦਰਤ 'ਚੋਂ ਅਮ੍ਰਿਤ ਪੀਣ ਦਾ ਮੰਜ਼ਰ ਹੈ,

ਸ਼ਾਤ ਮਈ ਸਮੁੰਦਰੀ ਕੰਢੇ ਬੈਠਿਆਂ,
ਕੁੱਦਰਤ ਦੇ ਆਦਿ ਤੋਂ ਅੰਤ ਤੱਕ ਹੋਣ ਦਾ ਮੰਜ਼ਰ ਹੈ,

ਅਸਲ 'ਚ ਪੂਰੀ ਕਾਇਨਾਤ ਨਾਲ ਜੁੜਨਾਂ ਜੀਵਨ ਨੂੰ ਸਮਝਣ ਦੀ ਮਾਨਿੰਦ ਹੁੰਦੈ ,
ਮੁੱਕਦੀ ਗੱਲ, ਅੰਦਰ ਮਈ ਝਾਤ ਪਾਉਣ ਦਾ ਅਹਿਸਾਸ ਦੱਸਦੈ ,
ਕਿ ਅਸੀਂ ਹੀ ਕੁੱਦਰਤੀ ਮੰਜ਼ਰ ਹਾਂ




## ਧੀਆਂ

ਕੁੱਝ ਤਾਂ ਗੱਲ ਵਿਚਾਰੋ ਲੋਕੋ ।
ਐਵੇਂ ਧੀਆਂ ਨੂੰ ਨਾ ਮਾਰੋ ਲੋਕੋ।
ਸਗੋਂ ਰੱਜ ਕੇ ਕਰੋ ਪਿਆਰ ।
ਜੇ ਧੀਆਂ ਨਾ ਹੋਈਆਂ,
ਤਾਂ ਰੁੱਕ ਜਾਣਾ ਸੰਸਾਰ ।
ਜੇ ਧੀਆਂ ਨਾ ਹੋਈਆਂ,

ਪੁੱਤਰਾਂ ਵਾਲੀ ਦੌੜ ਤਿਆਗੋ।
ਸੁੱਤੇ ਹੋਏ ਪੰਜਾਬੀਓ ਜਾਗੋ।
ਕਰ ਲਵੋ ਧੀਆਂ ਤੇ ਇਤਬਾਰ।
ਜੇ ਧੀਆਂ ਨਾ ਹੋਈਆਂ,
ਤਾਂ ਰੁੱਕ ਜਾਣਾ ਸੰਸਾਰ ।
ਜੇ ਧੀਆਂ ਨਾ ਹੋਈਆਂ,

ਜੇ ਸਾਡੀਆਂ ਧੀਆਂ ਪੜ੍ਹ ਜਾਣਗੀਆਂ ।
ਹਰ ਜੁਲਮ ਮੂਹਰੇ ਖੜ੍ਹ ਜਾਣਗੀਆਂ ।
ਕਰ ਦੇਵੋ ਇੰਨਾ ਨੂੰ ਇੰਝ ਤਿਆਰ।
ਜੇ ਧੀਆਂ ਨਾ ਹੋਈਆਂ,
ਤਾਂ ਰੁੱਕ ਜਾਣਾ ਸੰਸਾਰ ।
ਜੇ ਧੀਆਂ ਨਾ ਹੋਈਆਂ,

ਨੰਨੀਆਂ ਛਾਵਾਂ ਕਹਿ ਕੇ ,
ਨਾ ਕੋਈ ਮਗਰੋਂ ਇਨ੍ਹਾਂ ਨੂੰ ਰੋਲੇ।
'ਰਜਿੰਦਰਾ ' ਕਲਮ ਸਦਾ ਹੀ ਤੇਰੀ,
ਧੀਆਂ ਦੇ ਹੱਕ ਵਿੱਚ ਬੋਲੇ ।
ਦੇਵੋ ਸਾਰੇ ਹੀ ਰਲਕੇ,
ਇਨ੍ਹਾਂ ਨੂੰ ਬਣਦਾ ਸਤਿਕਾਰ ।
ਜੇ ਧੀਆਂ ਨਾ ਹੋਈਆਂ,
ਤਾਂ ਰੁੱਕ ਜਾਣਾ ਸੰਸਾਰ ।
ਜੇ ਧੀਆਂ ਨਾ ਹੋਈਆਂ,




## ਪਿਘਲਦੀ ਬਰਫ

ਕਦੇ ਕਦੇ ਸਵੇਰੇ ਜਦੋਂ ਵੀ ਉਦਾਸ ਉੱਠਦਾ ਹਾਂ,
ਦੂਰ ਪਰਬਤਾਂ 'ਤੇ ਪਿੱਘਲਦੀ ਬਰਫ਼ ਨੂੰ ਨਿਹਾਰਦਾ ਹਾਂ।
ਉਸ ਚੁੱਪ ਵਿੱਚ ਕੋਈ ਅਣਕਿਹਾ ਸੁਨੇਹਾ ਲੁਕਿਆ ਹੁੰਦਾ ਹੈ,
ਜੋ ਮੇਰੇ ਮਨ ਦੀਆਂ ਗਹਿਰਾਈਆਂ ਤੱਕ ਉਤਰ ਜਾਂਦਾ ਹੈ।

ਬਰਫ਼ ਸਿਖਾਉਂਦੀ ਹੈ ਕਿ ਕਠੋਰਤਾ ਵੀ ਸਦੀਵੀ ਨਹੀਂ ਹੁੰਦੀ,
ਸਮਾਂ, ਧੁੱਪ ਅਤੇ ਸਬਰ ਮਿਲ ਕੇ
ਸਭ ਤੋਂ ਠੰਢੇ ਪਲਾਂ ਨੂੰ ਵੀ ਪਾਣੀ ਬਣਾ ਦਿੰਦੇ ਹਨ।
ਫਿਰ ਉਹੀ ਪਾਣੀ ਦਰਿਆ ਬਣ ਕੇ
ਜੀਵਨ ਨੂੰ ਨਵੀਂ ਦਿਸ਼ਾ ਦੇ ਜਾਂਦਾ ਹੈ।

ਉਹਨਾਂ ਦੂਰ ਦੁਰਾਡੇ ਪਰਬਤਾਂ ਨੂੰ ਵੇਖਦਿਆਂ
ਮੈਨੂੰ ਲੱਗਦਾ ਹੈ ਕਿ ਮੇਰੇ ਅੰਦਰ ਜਮੀ ਹੋਈ ਚੁੱਪ,
ਮੇਰੀਆਂ ਅਣਕਹੀਆਂ ਪੀੜਾਂ
ਅਤੇ ਮੇਰੀ ਉਦਾਸੀ ਵੀ
ਹੌਲੀ ਹੌਲੀ ਪਿੱਘਲ ਰਹੀ ਹੈ।

ਉਸ ਵੇਲੇ ਮੈਂ ਸਮਝਦਾ ਹਾਂ
ਕਿ ਕੁਦਰਤ ਸਿਰਫ਼ ਦ੍ਰਿਸ਼ ਨਹੀਂ,
ਇੱਕ ਮੌਨ ਗੁਰੂ ਹੈ।
ਉਹ ਬਿਨਾਂ ਸ਼ਬਦਾਂ ਦੇ ਸਿਖਾਉਂਦੀ ਹੈ
ਕਿ ਹਰ ਰਾਤ ਤੋਂ ਬਾਅਦ ਸਵੇਰ ਆਉਂਦੀ ਹੈ,
ਹਰ ਸਰਦੀ ਤੋਂ ਬਾਅਦ ਬਸੰਤ,
ਅਤੇ ਹਰ ਉਦਾਸੀ ਦੇ ਪਾਰ
ਇੱਕ ਨਵੀਂ ਮੁਸਕਾਨ ਸਾਡਾ ਇੰਤਜ਼ਾਰ ਕਰ ਰਹੀ ਹੁੰਦੀ ਹੈ।

ਇਸ ਲਈ ਹੁਣ ਜਦੋਂ ਵੀ ਮੈਂ ਉਦਾਸ ਉੱਠਦਾ ਹਾਂ,
ਮੈਂ ਆਪਣੇ ਦੁੱਖ ਨਾਲ ਲੜਦਾ ਨਹੀਂ,
ਉਸ ਨੂੰ ਦੂਰ ਪਰਬਤਾਂ 'ਤੇ ਪਿੱਘਲਦੀ ਬਰਫ਼ ਦੇ ਹਵਾਲੇ ਕਰ ਦਿੰਦਾ ਹਾਂ।
ਕਿਉਂਕਿ ਮੈਨੂੰ ਯਕੀਨ ਹੈ—
ਜੋ ਬਰਫ਼ ਪਿੱਘਲ ਸਕਦੀ ਹੈ,
ਉਹੀ ਮਨ ਵੀ ਪਿੱਘਲ ਸਕਦਾ ਹੈ,
ਅਤੇ ਜੋ ਮਨ ਪਿੱਘਲ ਜਾਂਦਾ ਹੈ,
ਉਸ ਵਿੱਚ ਫਿਰ ਤੋਂ ਪਿਆਰ,
ਸ਼ਾਂਤੀ ਅਤੇ ਉਮੀਦ ਦੇ ਫੁੱਲ ਖਿੜ ਪੈਂਦੇ ਹਨ।




## ਸੋਚ ਵਿੱਚ ਉਡਾਣ

ਸੋਚ ਵਿੱਚ ਵੀ ਇੱਕ ਉਡਾਣ ਹੁੰਦੀ ਹੈ,

ਹਰ ਇੱਕ ਲੇਖਕ ਦੀ ਵੱਖਰੀ-ਵੱਖਰੀ ਪਛਾਣ ਹੁੰਦੀ ਹੈ,

ਉਦਾਸ ਕਰਨ ਵਾਲ਼ਾ ਗੀਤ ਲਿਖਦੇ ਸਮੇਂ,

ਸ਼ਾਇਦ ਲੇਖਕ ਦੀ ਦੁਖੀ ਜਾਨ ਹੁੰਦੀ ਹੈ,

ਦਿਮਾਗੀ ਮਿਹਨਤ ਕਰਦਾ ਰਹਿੰਦਾ ਹੈ ਹਮੇਸ਼ਾ ਇਹ,

ਕਦੇ-ਕਦੇ ਇਸਦੇ ਦਿਮਾਗ ਨੂੰ ਵੀ ਮਹਿਸੂਸ ਥਕਾਣ ਹੁੰਦੀ ਹੈ,

ਸਮਾਜ ਵਿੱਚ ਸੁਧਾਰ ਲਿਆਉਣ ਵਾਲ਼ੀ ਸ਼ਬਦਾਵਲੀ ਲਿਖਣਾਂ,

ਇਸਦੀ ਚੰਗੀ ਆਦਤ ਤੇ ਬਾਣ ਹੁੰਦੀ ਹੈ,

ਪੰਜਾਬੀ ਭਾਸ਼ਾ ਨੂੰ ਪ੍ਰਫੁੱਲਿਤ ਕਰਨ ਵਾਲ਼ੀ,

ਕਲਮ ਇਹਨਾਂ ਦੀ ਵੰਡਦੀ ਗਿਆਨ ਹੁੰਦੀ ਹੈ,

'ਦਿਲਸ਼ਾਨ' ਉਹ ਰਚਨਾਂ ਸਭ ਨੂੰ ਪਸੰਦ ਆ ਜਾਵੇ,

ਜਿਸ ਵਿੱਚ ਸੱਚਾਈ ਕੀਤੀ ਬਿਆਨ ਹੁੰਦੀ ਹੈ।




## ਪਲਾਟ

ਸਰਕਾਰੀ ਨੌਕਰੀ ਤੋਂ ਸੇਵਾ ਮੁਕਤ ਹੋਣ ਪਿੱਛੋਂ ਮਾਸਟਰ ਹਰੀ ਰਾਮ ਨੇ ਮਾਹਿਲਪੁਰ ਇੱਕ ਪੰਦਰਾਂ ਮਰਲੇ ਦਾ ਪਲਾਟ ਖਰੀਦ ਲਿਆ ਤੇ ਉਸ ਵਿੱਚ ਘਰ ਬਣਵਾਉਣਾ ਸ਼ੁਰੂ ਕਰ ਦਿੱਤਾ। ਇੱਕ ਦਿਨ ਉਸ ਕੋਲ ਦੋ ਜਣੇ ਆ ਕੇ ਖੜ੍ਹ ਗਏ, ਜਿਨ੍ਹਾਂ ਚੋਂ ਇੱਕ ਲੜਕੀ ਸੀ। ਲੜਕੀ ਉਸ ਨੂੰ ਆਖਣ ਲੱਗੀ,"ਅੰਕਲ ਜੀ, ਕੀ ਤੁਸੀਂ ਰਵਨਜੀਤ ਦੇ ਫਾਦਰ ਇਨ ਲਾਅ ਹੋ?"
ਮਾਸਟਰ ਹਰੀ ਰਾਮ ਨੇ "ਹਾਂ" ਵਿੱਚ ਉੱਤਰ ਦਿੱਤਾ।
ਫੇਰ ਉਹ ਆਖਣ ਲੱਗੀ,"ਮੈਂ ਰਵਨਜੀਤ ਦੀ ਸਹੇਲੀ ਆਂ। ਕੁੱਝ ਦਿਨ ਪਹਿਲਾਂ ਉਹ ਮੈਨੂੰ ਹੁਸ਼ਿਆਰਪੁਰ ਬੱਸ ਸਟੈਂਡ ਤੇ ਮਿਲੀ ਸੀ। ਉਸ ਨੇ ਮੈਨੂੰ ਦੱਸਿਆ ਸੀ ਕਿ ਤੁਸੀਂ ਮਾਹਿਲਪੁਰ ਪਲਾਟ ਲੈ ਕੇ ਨਵਾਂ ਘਰ ਬਣਵਾ ਰਹੇ ਹੋ ਤੇ ਤੁਹਾਡੇ ਪਲਾਟ ਦੇ ਸਾਮ੍ਹਣੇ ਕਈ ਪਲਾਟ ਵਿਕਾਊ ਪਏ ਆ। ਅਸੀਂ ਵੀ ਇੱਕ ਦਸ ਕੁ ਮਰਲੇ ਦਾ ਪਲਾਟ ਲੈਣਾ ਚਾਹੰਨੇ ਆਂ। ਪਿੰਡ ਵਾਲਾ ਘਰ ਰਹਿਣ ਲਈ ਬੜਾ ਛੋਟਾ ਆ। ਨਾਲੇ ਸ਼ਹਿਰ ਦਾ ਮਹੌਲ ਕੁੱਝ ਵੱਖਰਾ ਹੁੰਦਾ ਆ। ਪਲਾਟ ਤਾਂ ਹੋਰ ਵੀ ਆਲੇ, ਦੁਆਲੇ ਬਥੇਰੇ ਖਾਲੀ ਪਏ ਆ, ਪਰ ਮੈਂ ਚਾਹੰਨੀ ਆਂ ਕਿ ਕੋਈ ਜਾਣ, ਪਛਾਣ ਵਾਲਾ ਕੋਲ ਰਹਿੰਦਾ ਹੋਵੇ, ਤਾਂ ਚੰਗੀ ਗੱਲ ਆ।"
"ਠੀਕ ਆ ਬੇਟੀ, ਆਉ ਫੇਰ ਪਲਾਟ ਵੇਖ ਲਈਏ।"ਮਾਸਟਰ ਹਰੀ ਰਾਮ ਨੇ ਆਖਿਆ।
ਇੱਕ ਘੰਟਾ ਫਿਰ, ਤੁਰ ਕੇ ਪਲਾਟ ਵੇਖਣ ਪਿੱਛੋਂ ਉਨ੍ਹਾਂ ਨੂੰ ਇੱਕ ਦਸ ਮਰਲੇ ਦਾ ਪਲਾਟ ਪਸੰਦ ਆ ਗਿਆ, ਜਿਹੜਾ ਕਿ ਉਸ ਦੇ ਬਣ ਰਹੇ ਘਰ ਦੇ ਬਿਲਕੁਲ ਸਾਮ੍ਹਣੇ ਸੀ।
ਫੇਰ ਲੜਕੀ ਦੇ ਡੈਡੀ ਨੇ ਉਸ ਨੂੰ ਆਖਿਆ,"ਤੁਹਾਡੇ ਨਾਲ ਲੱਗਦੇ ਦੋ ਘਰ ਕਿਨ੍ਹਾਂ ਦੇ ਆ?"
"ਇਹ ਦੋਵੇਂ ਘਰ ਕੰਮੀਆਂ ਦੇ ਆ।" ਮਾਸਟਰ ਹਰੀ ਰਾਮ ਨੇ ਸੱਚ ਆਖ ਦਿੱਤਾ।
ਉਸ ਦੇ ਏਨਾ ਕਹਿਣ ਦੀ ਦੇਰ ਸੀ ਕਿ ਉਹ ਬਗੈਰ ਕੁੱਝ ਬੋਲੇ ਆਪਣੀ ਧੀ ਨੂੰ ਲੈ ਕੇ ਤੁਰਦਾ ਬਣਿਆ।




## ਸੱਚ ਦੀ ਕਲਮ ( ਸੱਚੀ ਪੱਤਰਕਾਰੀ )

ਵਿਕਣੇ ਵਾਲੇ ਟਿਕ ਜਾਂਦੇ ਨੇ, ਅੜਨੇ ਵਾਲ਼ੇ ਝੜ ਜਾਂਦੇ ਨੇ
ਸੱਚ ਦੇ ਆਸ਼ਿਕ ਔਖੇ ਵੇਲੇ, ਨਾਲ ਸੱਚ ਦੇ ਖੜ ਜਾਂਦੇ ਨੇ

ਸੱਚੋ ਸੱਚੀ ਪੱਤਰਕਾਰੀ, ਜਾਨ ਅਤੇ ਈਮਾਨ ਦਾ ਜੋਖਮ
ਬਦੋ ਬਦੀ ਕਈ ਤਲੀਆਂ ਉੱਤੇ, ਆਣ ਕਰੋੜਾਂ ਧਰ ਜਾਂਦੇ ਨੇ

ਧਾਰ ਸ਼ਬਦਾਂ ਦੀ ਬੜੀ ਨੁਕੀਲੀ, ਏਹੋ ਬੁਝਾਵੇ ਲਾਵੇ ਤੀਲੀ,
ਰਾਜਨੀਤੀ ਦੇ ਚਾਣਕਿਆ ਵੀ, ਇਸ ਦੇ ਵਾਰ ਤੋਂ ਡਰ ਜਾਂਦੇ ਨੇ

ਲੱਕੜੀ ਤੋਂ ਹੈ ਬਣਦਾ ਕਾਗਜ਼, ਕਾਗਜ਼ ਤੋਂ ਫਿਰ ਉੱਤਪੰਨ ਮਾਇਆ,
ਸਰੀਰ ਮਿੱਟੀ ਦੇ ਆਖਰ ਵੇਲੇ, ਲੱਕੜਾਂ ਵਿਚ ਹੀ ਸੜ ਜਾਂਦੇ ਨੇ

ਬੋਦਲਾਂ ਦੇ ਸੁੱਖਵਿੰਦਰਾ ਕ੍ਰਾਂਤੀ, ਕਲਮਾਂ ਤੋਂ ਤਲਵਾਰਾਂ ਤੀਕਰ,
ਟਾਮੇ ਟਾਮੇ ਕ੍ਰਾਂਤੀਆਂ ਦੇ ਅੰਬਰੀਂ, ਬਣ ਕੇ ਤਾਰੇ ਚੜ੍ਹ ਜਾਂਦੇ ਨੇ




## ਸਾਂਝ

ਰਿਸਤੇ ਸਨ ਜੋ ਸਾਂਝਾ ਦੇ, ਲੱਗਦਾ ਏ ਮੁੱਕ ਗਏ।
ਨਾ ਰਹੀਆਂ ਬੋਹੜ੍ਹ ਦੀਆਂ ਛਾਂਵਾਂ ਹੁਣ ਬੋਹੜ੍ਹ ਹੀ ਮੁੱਕ ਗਏ।
ਠੰਡੀਆਂ ਬੋਹੜ੍ਹ ਦੀਆਂ ਛਾਂਵਾਂ ਦੇ,
ਮੁੜ ਚੇਤੇ ਆਉਂਦੇ ਨੇ।
ਸਮੇਂ ਪੁਰਾਣੇ ਬੀਤੇ, ਮਨ ਨੂੰ ਅੱਜ ਵੀ ਭਾਉਂਦੇ ਨੇ।
ਰਿਸ਼ਤੇ ਸਨ ਸਭ ਸਾਂਝਾਂ ਦੇ, ਕੋਈ ਰਿਸ਼ਤਾ ਨਹੀਂ ਪਰਾਇਆ ਸੀ।
ਹਰ ਕੋਈ ਬੰਦਾ ਲੱਗਦਾ ਸੀ, ਜਿਵੇਂ ਇੱਕ ਹੀ ਮਾਂ ਦਾ ਜਾਇਆ ਸੀ।
ਆਥਣ੍ਹ ਵੇਲੇ ਵੱਡ-ਵਡੇਰੇ, ਆ ਸੱਥ ਵਿੱਚ ਡੇਰੇ ਲਾਉਂਦੇ ਸੀ।
ਇੱਕ ਦੂਜੇ ਦੀ ਸੁਣਦੇ, ਕੁਝ ਆਪਣੀ ਆਖ ਸੁਣਾਉਂਦੇ ਸੀ।
ਪਿੰਡ ਆਪਣੇ ਦੀ ਹਰ ਕੁੜੀ, ਧੀ ਸਾਂਝੀ ਅਖਵਾਉਂਦੀ ਸੀ।
ਮਰਨੋਂ ਮਰ ਜਾਂਦੀ, ਪਿਉ ਦੀ ਪੱਗ ਨੂੰ ਦਾਗ਼ ਨਾ ਲਾਉਂਦੀ ਸੀ।
ਸ਼ਰਮ ਲਿਹਾਜ਼ ਰੱਖਦੇ ਸਨ ਸਾਰੇ,ਤਾਂ ਹੀ ਇੱਜ਼ਤ ਪਾਉਂਦੇ ਸੀ।
ਕਰ ਮਾਂ -ਬਾਪ ਦੀ ਸੇਵਾ, ਪੁੱਤ ਸਰਵਣ ਅਖਵਾਉਂਦੇ ਸੀ।
ਪੱਗ -ਵੱਟ ਭਰਾਵਾਂ ਜਿਹਾ, ਰਿਸ਼ਤਾ ਨਾ ਜੱਗ ਤੇ ਕੋਈ ਸੀ।
ਜਦੋਂ ਮੁਸੀਬਤ ਆ ਪੈਂਦੀ, ਪਿੱਠ ਨਾ ਕਦੇ ਵਿਖਾਉਂਦੇ ਸੀ।
ਸੁੱਖ ਵੀ ਸਾਂਝੇ, ਦੁੱਖ ਵੀ ਸਾਂਝੇ, ਧਰਮ ਵੀ ਸਾਂਝੇ ਹੁੰਦੇ ਸੀ।
ਕਿਸੇ ਦੇ ਘਰ ਜੇ ਵੱਜੇ ਸ਼ਹਿਨਾਈ, ਸਾਰੇ ਗਾਉਣ ਆਉਂਦੇ ਸੀ।
ਕੋਈ ਉੱਚਾ ਤੇ ਨਾ ਕੋਈ ਨੀਵਾਂ, ਸਭ ਸਰਦਾਰੀ ਪਾਉਂਦੇ ਸੀ।
ਰਿਸ਼ਤੇ ਸਾਰੇ ਸਭਨਾਂ ਨੂੰ ਸੱਚੇ -ਸੱਚੇ ਲੱਗਦੇ ਸੀ.
ਘਰ ਸਨ ਭਾਵੇਂ ਕੱਚੇ, ਦਿਲ ਸਭਨਾਂ ਦੇ ਸੱਚੇ ਸੀ
ਸਾਂਝੀਆਂ ਛੱਤਾਂ, ਸਾਂਝੇ ਟੱਬਰ, ਇੱਕ ਲੜੀ ਪਰੋ ਕੇ ਰਹਿੰਦੇ ਸੀ।
ਹੱਢ-ਤੋੜਵੀਂ ਮਿਹਨਤ ਕਰਕੇ, ਅੰਨਦਾਤਾ ਕਹਿਲਾਉਂਦੇ ਸੀ,
ਰੱਬ ਦਾ ਨਾਮ ਧਿਆਉਂਦੇ ਸੀ।
ਹੱਕ ਸੱਚ ਦੀ ਕਰੋ ਕਮਾਈ, ਇਹ ਸਭ ਨੂੰ ਸਮਝਾਉਂਦੇ ਸੀ।
ਬੇਈਮਾਨੀ ਤੇ ਭ੍ਰਿਸ਼ਟਾਚਾਰ ਦਾ, ਨਹੀਂ ਕੋਈ ਬੋਲਬਾਲਾ ਸੀ।
ਪਰ ਹੁਣ ਕੀ ਕਹੀਏ, ਸੁਣੀਏ, ਸਾਰੇ ਤੁਸੀਂ ਸਿਆਣੇ ਹੋ।
ਬਿਨਾਂ ਹਿਲਾਇਆਂ ਹੱਥ, ਕਦੇ ਵੀ ਘਰ ਨਹੀਂ ਆਉਂਦੇ ਦਾਣੇ ਨੇ।
ਜੇ ਅਸਾਂ ਕੁਝ ਪਾਇਆ ਏ, ਤਾਂ ਬਹੁਤਾ ਅਸਾਂ ਗੁਆਇਆ ਏ।
ਨਾ ਰਹੇ ਉਹ ਬੋਹੜ੍ਹ ਤੇ ਪਿੱਪਲ, ਜਿੱਥੇ ਛਿੰਝਾਂ ਲਾਉਂਦੇ ਸੀ।
ਖਾ ਖੁਰਾਕਾਂ ਘਰ ਦੀਆਂ ਬਣੀਆਂ, ਰੋਗ ਨਾ ਨੇੜ੍ਹੇ ਆਉਂਦੇ ਸੀ।
ਨਾ ਰਹੇ ਉਹ ਸਰਵਣ ਪੁੱਤਰ, ਨਾ ਭਗਤ ਸਿੰਘ ਜਿਹੀਆਂ ਮਾਂਵਾਂ।
ਹੁਣ ਤਾਂ ਕਿਤਾਬਾਂ ਚ' ਰਹਿ ਗਈਆਂ, ਇਨ੍ਹਾਂ ਦੀਆਂ ਕਥਾਵਾਂ।
ਕਿੱਥੇ ਗਏ ਤ੍ਰਿੰਝਣ ਸਾਰੇ,ਜਿੱਥੇ ਕੁੜੀਆਂ ਪੀਘਾਂ ਪਾਉਂਦੀਆਂ ਸੀ।
ਰਲ਼ ਸਹੇਲੀਆਂ ਸਾਰੀਆਂ, ਗੀਤ ਖੁਸ਼ੀ ਦੇ ਗਾਉਂਦੀਆਂ ਸੀ।
ਨਾ ਸੁਣੇ ਹੁਣ ਘੂਕ ਚਰਖੇ ਦੀ,ਨਾ ਰਹੀਆਂ ਉਹ ਮੁਟਿਆਰਾਂ।
ਕਿੱਥੇ ਗਏ ਉਹ ਬਾਂਕੇ ਗੱਭਰੂ, ਕਿੱਥੇ ਵੰਝਲੀ ਤੇ ਵਾਰਾਂ।
ਨਸ਼ਿਆਂ ਦੀ ਦਲਦਲ ਵਿੱਚ ਲੋਕੋ, ਰੁੜ੍ਹ ਗਏ ਘਰ ਹਜ਼ਾਰਾਂ।
ਦੋਸ਼ ਕਿਸੇ ਨੂੰ ਕੀ ਦਈਏ, ਅਸਾਂ ਆਪ ਕੁਹਾੜਾ ਮਾਰਿਆ ਏ।
ਸਾਂਝੇ ਰਿਸ਼ਤਿਆਂ ਤੋਂ ਮੂੰਹ ਮੋੜ ਕੇ, ਇਕੱਲਾਪਣ ਅਪਣਾ ਲਿਆ ਏ।
ਨਾ ਰਹੇ ਉਹ ਸਾਕ ਪੁਰਾਣੇ, ਨਾ ਰਹੀਆਂ ਮੌਜ ਬਹਾਰਾਂ।
'ਪ੍ਰੀਤ 'ਅੱਜ ਦੇ ਜਮਾਨੇ ਖੋਹ ਲਈਆਂ, ਸਾਂਝੇ ਰਿਸ਼ਤਿਆਂ ਦੀਆਂ ਤਾਰਾਂ।



# ਅਦਬੀ ਵਿਰਾਸਤ

ਅੰਕ 06 , ਸਥਾਪਨਾ -ਦਸੂਹਾ, 05/07/2026 ਦਿਨ ਐਤਵਾਰ (ਨਾਨਕਸ਼ਾਹੀ ਸੰਮਤ 21 ਹਾੜ 558)adbivirsat@gmail.com


## ਕਦੇ ਕਦੇ ਤਾਂ ਇੰਝ ਲਗਦਾ

ਕਦੇ ਕਦੇ ਤਾਂ ਇੰਝ ਲਗਦਾ, ਜੇ ਉਦੋਂ ਬੋਲ ਪੈਂਦੇ ਤਾਂ ਚੰਗਾ ਸੀ,
ਦਿਲ ਦਾ ਕੱਢ ਗੁਬਾਰ ਲੈਂਦੇ, ਭਾਵੇਂ ਚੰਗਾ ਸੀ ਜਾਂ ਮੰਦਾ ਸੀ।
ਪਰ ਸਹਿ-ਸਹਿ ਕੇ ਵੀ ਕੀ ਮਿਲਿਆ, ਬਸ ਅੰਦਰੋਂ-ਅੰਦਰੀਂ ਟੁੱਟ ਗਏ ਹਾਂ,
ਲੋਕਾਂ ਦੀਆਂ ਸੁਣਦੇ-ਸੁਣਦੇ ਅੱਜ, ਆਪਣਿਆਂ ਤੋਂ ਹੀ ਰੁੱਸ ਗਏ ਹਾਂ।

ਕਦੇ ਕਦੇ ਤਾਂ ਇੰਝ ਲਗਦਾ, ਖ਼ਾਮੋਸ਼ ਰਹਿਣ ਵਿੱਚ ਫ਼ਾਇਦਾ ਹੈ,
ਇਸ ਬੇਕਦਰੀ ਜਿਹੀ ਦੁਨੀਆਂ ਵਿੱਚ, ਦੁੱਖ ਫਰੋਲਣ ਦਾ ਕੀ ਕਾਇਦਾ ਹੈ।
ਜੋ ਸੁਣਦਾ ਹੈ ਉਹ ਹੱਸਦਾ ਹੈ, ਕੋਈ ਦਰਦ ਵੰਡਾਉਂਦਾ ਨਹੀਂ ਇੱਥੇ,
ਇਸ ਮਤਲਬੀ ਜਿਹੀ ਬਸਤੀ ਵਿੱਚ, ਕੋਈ ਗਲ ਨਾਲ ਲਾਉਂਦਾ ਨਹੀਂ ਇੱਥੇ।

ਕਦੇ ਕਦੇ ਤਾਂ ਇੰਝ ਲਗਦਾ, ਨਾ ਪੜ੍ਹਦੇ ਚਿਹਰੇ ਲੋਕਾਂ ਦੇ,
ਨਾ ਹਿੱਸੇ ਆਉਂਦੇ ਹਉਕੇ ਇਹ, ਨਾ ਰਾਹ ਹੁੰਦੇ ਇਹਨਾਂ ਝੋਕਾਂ ਦੇ।
ਅਸੀਂ ਵਰਕੇ ਫ਼ੋਲਦੇ ਰਹਿ ਗਏ, ਪਰ ਅੱਖਰ ਪੜ੍ਹਨੇ ਆਏ ਨਾ,
ਉਹ ਮਾਸੂਮ ਦਿਲਾਂ ਨਾਲ ਖੇਡ ਗਏ, ਪਰ ਭੇਤ ਕੋਈ ਜਤਾਏ ਨਾ।

ਕਦੇ ਕਦੇ ਤਾਂ ਇੰਝ ਲਗਦਾ, ਨਾ ਦਿਲ ਲਾਉਂਦੇ ਬੇਕਦਰਾਂ ਨਾਲ,
ਨਾ ਲੜਦੇ ਅੱਧੀ ਰਾਤੀਂ ਬਹਿ, ਆਪਣੀਆਂ ਹੀ ਸੱਧਰਾਂ ਨਾਲ।
ਅਸੀਂ ਜਿਸਨੂੰ ਰੱਬ ਦਾ ਰੂਪ ਕਿਹਾ, ਉਹ ਪੱਥਰ ਵਾਂਗੂੰ ਨਿਕਲਿਆ ਹੈ,
ਸਾਡਾ ਹਾਲ ਬੇਹਾਲ ਹੋਇਆ, ਪਰ ਉਹ ਨਾ ਰਤਾ ਵੀ ਪਿਘਲਿਆ ਹੈ।

ਕਦੇ ਕਦੇ ਤਾਂ ਇੰਝ ਲਗਦਾ, ਜੇ ਦਿਲ ਨਾ ਲਾਉਂਦੇ ਚੰਗੇ ਸੀ,
ਐਵੇਂ ਖੁਆਬਾਂ ਦੀ ਇਸ ਬਸਤੀ ਵਿੱਚ, ਅਸੀਂ ਨੰਗੇ ਪੈਰੀਂ ਲੰਘੇ ਸੀ।
ਜਿੱਥੇ ਪਿਆਰ ਦੀ ਕੋਈ ਕੀਮਤ ਨਹੀਂ, ਬਸ ਜਿਸਮਾਂ ਦਾ ਵਪਾਰ ਚੱਲੇ,
ਉੱਥੇ ਰੂਹਾਂ ਦੇ ਵਣਜਾਰਿਆਂ ਦਾ, ਹਰ ਇੱਕ ਇਜ਼ਹਾਰ ਬੇਕਾਰ ਚੱਲੇ।

ਕਦੇ ਕਦੇ ਤਾਂ ਇੰਝ ਲਗਦਾ, ਇਹ ਸ਼ਿਕਵਾ ਕਿਸੇ ਇਨਸਾਨ ਦਾ ਨਹੀਂ,
ਇਹ ਤਜਰਬਾ ਹੈ ਇਸ ਜ਼ਿੰਦਗੀ ਦਾ, ਕੋਈ ਸੌਦਾ ਨਫ਼ੇ-ਨੁਕਸਾਨ ਦਾ ਨਹੀਂ।
ਅੱਜਕੱਲ੍ਹ ਤਾਂ ਇਹ ਰਿਵਾਜ ਬਣਿਆ, ਜੋ ਸੱਚਾ ਹੈ ਉਹ ਰੋਂਦਾ ਹੈ,
ਜੋ ਕਰਦਾ ਪਿੱਠ 'ਤੇ ਵਾਰ ਸਦਾ, ਉਹ ਚੈਨ ਦੀ ਨੀਂਦੇ ਸੌਂਦਾ ਹੈ।

ਕਦੇ ਕਦੇ ਤਾਂ ਇੰਝ ਲਗਦਾ, ਅਸੀਂ ਦੁਨੀਆਂ ਨਵੀਂ ਵਸਾ ਲੈਂਦੇ,
ਜਿੱਥੇ ਕਦਰ ਹੁੰਦੀ ਜਜ਼ਬਾਤਾਂ ਦੀ, ਉੱਥੇ ਆਪਣਾ ਡੇਰਾ ਲਾ ਲੈਂਦੇ।
ਪਰ ਰੀਝਾਂ ਦੇ ਇਸ ਜੰਗਲ ਵਿੱਚ, ਹੁਣ ਲੱਭਦਾ ਕੋਈ ਸਬਰ ਨਹੀਂ,
ਇੱਥੇ ਸਭ ਕੁਝ ਵਿਕਦਾ ਮੰਡੀ ਵਿੱਚ, ਬਸ ਸੱਚੇ ਪਿਆਰ ਦੀ ਕਦਰ ਨਹੀਂ।

ਕਦੇ ਕਦੇ ਤਾਂ ਇੰਝ ਲੱਗਦਾ, ਇਹ ਰੀਤ ਹੀ ਪੁੱਠੀ ਚੱਲ ਪਈ ਹੈ,
ਜੋ ਕਦਰ ਕਰੇ ਇਨਸਾਨ ਦੀ, ਓਹਦੀ ਕੀਮਤ ਹੀ ਘੱਟ ਗਈ ਹੈ।
ਜਦ ਕਾਗਜ਼ ਉੱਤੇ ਦਰਦ ਉਤਰੇ, 'ਮੁੰਡੇ' ਦੀ ਕਲਮ ਵੀ ਹਉਕੇ ਭਰਦੀ ਹੈ,
ਇਸ ਖੁਦਗਰਜ਼ੀ ਦੇ ਦੌਰ ਦੇ ਵਿੱਚ, ਹੁਣ ਜਿਉਣ ਤੋਂ ਰੂਹ ਵੀ ਡਰਦੀ ਹੈ।




## ਰੱਬ

ਰੱਬ ਰੱਬ ਕਰਦੀ ਹੈ ਦੁਨੀਆਂ ਏ,
ਮਨ ਤਾਂ ਕਿਧਰੇ ਟਿਕਦਾ ਨਹੀਂ।

ਮੰਦਿਰ ਮਸਜਿਦ ਲੱਭਦੀ ਫਿਰਦੀ,
ਘਰ ਬੈਠਾਂ ਰੱਬ ਦਿਖਦਾ ਨਹੀਂ।

ਰੱਬ ਰੱਬ ਕਰਦੀ,,,,,,,,,

ਮੰਦਿਰ ਦੇ ਵਿੱਚ ਜਾਈਏ ਤਾਂ,
ਪ੍ਰਸ਼ਾਦ ਚੜ੍ਹਾਈ ਦਾ।
ਕਾਫ਼ੀ ਯਤਨਾਂ ਸਦਕਾ ਮੇਰਾ,
ਰੱਬ ਮਨਾਈ ਦਾ।

ਰੱਬ ਰੱਬ ਕਰਦੀ ਐਂ,,,,,,,,,,,

ਘਰ ਬੈਠਾਂ ਰੱਬ ਕੁੱਝ ਨਹੀ ਮੰਗਦਾ,
ਗੁਣ ਉਸ ਦਾ ਨਹੀ ਗਾਈ ਦਾ।
ਸਾਡੇ ਬੇਬੇ ਬਾਪੂ ਰੱਬ ਤੋਂ ਪਹਿਲਾ ਕਿਉਂ
ਨਹੀਂ ਉਹਨਾਂ ਦਾ ਨਾਮ ਧਿਆਈ ਦਾ।

ਰੱਬ ਰੱਬ ਕਰਦੀ ਐਂ,,,,,,,,

ਮਾਪੇ ਭੁੱਖੇ ਰਹਿ ਰਹਿ ਪਾਲਣ ਕਿਉਂ?
ਬੱਚਿਆਂ ਤੇ ਨਹੀਂ ਖਵਾਈ ਦਾ।
ਐਪਰ ਮਾਂਪੇਂ ਹੋਣ ਬਿਮਾਰ ਤੇ ਸਾਨੂੰ,
ਪੈ ਜਾਏ ਫ਼ਿਕਰ ਦੁਵਾਈ ਦਾ।

ਰੱਬ ਰੱਬ ਕਰਦੀ ਐਂ ਦੁਨੀਆ,,,

ਰੱਬ ਰੂਪ ਹੈ ਮਾਂਪੇਂ ਮੰਨਤ ਐਂਮੇ,
ਮਾੜੇ ਨਹੀਂ ਅਖਵਾਈ ਦਾ।
ਲੱਖ ਅਸੀਸਾਂ ਦੇਵਣ ਮਾਪਿਆਂ ਦਾ,
ਦਿਲ ਨਹੀ ਕਦੇ ਦੁਖਾਈ ਦਾ।

ਰੱਬ ਰੱਬ ਕਰਦੀ ਹੈ ਦੁਨੀਆ ਏਂ,
ਮਨ ਤਾਂ ਕਿਧਰੇ ਟਿਕਦਾ ਨਹੀਂ।

ਰੱਬ ਰੱਬ ਕਰਦੀ ਹੈ ਦੁਨੀਆਂ ਏ,,,,,,,,,




## ਮੂਲ ਨਾ ਬੋਲਣ ਰੁੱਖ

ਰੁੱਖ ਸ਼ਿੰਗਾਰ ਨੇ ਧਰਤੀ ਮਾਂ ਦਾ,
ਰੁੱਖ ਨੇ ਇਸ ਦੇ ਜਾਏ।

ਫ਼ਲ,ਫੁੱਲ,ਦੇਣ ਹਵਾਵਾਂ ਠੰਡੀਆਂ ,
ਉੱਤਰ ਸਵਰਗੋਂ ਆਏ।

ਮੂਲ ਨਾ ਬੋਲਣ ਰੁੱਖ ਦੇਵਤੇ,
ਦੁੱਖ ਆਪਣੇ 'ਤੇ ਝੱਲਣ।

ਬੰਜਰਾਂ ਦੇ ਵਿੱਚ ਰੌਣਕਾਂ ਲਾਉਂਦੇ,
ਖੁੱਲੀਆਂ ਥਾਵਾਂ ਮੱਲਣ।

ਰਾਹੀ ਪਾਂਧੀ ਲੈਣ ਆਸਰਾ ,
ਮੀਂਹ ਝੱਖੜ ਤੋਂ ਬਚਦੇ।

ਬੇਆਸਰਿਆਂ ਨੂੰ ਦੇਣ ਆਸਰਾ ,
ਲੱਖਾਂ ਪਰਦੇ ਕੱਜਦੇ।

ਪ੍ਰਦੂਸ਼ਣ ਨੂੰ ਸੋਪ ਲੈਣ ਇਹ,
ਸ਼ੁੱਧ ਹਵਾਵਾਂ ਛੱਡਣ।

ਮਸਤੀ ਦੇ ਵਿੱਚ ਜਦੋਂ ਝੂਮਦੇ,
ਇੱਕ ਦੂਜੇ ਵਿੱਚ ਵੱਜਣ।

ਕੁਦਰਤ ਦੇ ਰੰਗਾਂ ਵਿੱਚ ਰੰਗੇ,
ਹਰੇ ਕਚਾਰ ਲਹਿਰਾਉਂਦੇ।

ਸਬਰ ਸ਼ੁਕਰ ਵਿੱਚ ਰਹਿੰਦੇ ਇਹ,
ਦਰਵੇਸ਼ ਤਾਂਹੀ ਅਖਵਾਉਂਦੇ।

ਰੁੱਖਾਂ ਨੂੰ ਨਾ ਕੱਟੋ ਲੋਕੋ,
ਇਹ ਭਲਾ ਸਰਬੱਤ ਦਾ ਮੰਗਦੇ।

'ਪੱਤੋ' ਆਖੇ ਰਹਿਮ ਕਰੋ ਕੁੱਝ,
ਨਾ ਗਵਾਓ ਭਾਣੇ ਭੰਗਦੇ।




## ਹਾਲ

ਤੂੰ ਕਿੱਥੇ ਜਾਣਾ?
ਕਿੱਥੋਂ ਆਇਆ?
ਇਹ ਕੀ ਹਾਲ ਬਣਾਇਆ ਵੇ।
ਦੇਖ ਤੈਨੂੰ ਇੰਝ ਜਾਪੇ ਰਾਹੀਆ,
ਤੂੰ ਬੜੀ ਦੂਰ ਤੋਂ ਆਇਆ ਵੇ।

ਅੱਖਾਂ ਵਿੱਚ ਉਡੀਕ ਕਿਸੇ ਦੀ ਲੱਗੇ,
ਨਹੀਂ ਮਿਲਿਆ ਜਿਹਨੂੰ ਚਾਹਿਆ ਵੇ।
ਦੇਖ ਚਿਹਰੇ ਨੂੰ ਲੱਗੇ ਰਾਹੀਆ,
ਜਿਓਂ ਪੁੰਨਿਆ ਤੇ ਮੱਸਿਆ ਦਾ ਛਾਇਆ ਵੇ।

ਬੁੱਲ੍ਹ ਗੁਲਾਬ ਪਿਆਸੇ ਲਗਦੇ,
ਤੂੰ ਤਾਂ ਜੰਮਾ ਤਿਹਾਇਆ ਵੇ।
ਮੰਗਿਆ ਕਿਓਂ ਨਾ ਪਾਣੀ ਰਾਹੀਆ,
ਜਾਂ ਮੰਗਣਾ ਨਾ ਆਇਆ ਵੇ।

ਜਿੱਤ ਕੇ ਅੰਤ ਨੂੰ ਹਾਰਿਆ ਲਗਦੈਂ,
ਅੰਗਰੇਜ ਤੂੰ ਤਾਂ ਜਾਨੋ ਮਾਰਿਆ ਲਗਦੈਂ।
ਖੋਹ ਬਹਾਰਾਂ ਕਿਸੇ ਨੇ ਰਾਹੀਆ,
ਤੂੰ ਤਾਂ ਜੰਮਾ ਉਜਾੜਿਆ ਲਗਦੈਂ।

ਕਿਸਨੇ ਲੁੱਟੀ ਰੰਗਤ ਤੇਰੀ?
ਕਿਸਨੇ ਤੈਨੂੰ ਰਵਾਇਆ ਵੇ?
ਦੇਖ ਕੇ ਦਿਲ ਘਬਰਾਵੇ ਰਾਹੀਆ,
ਉਹਨੂੰ ਤਰਸ ਰਤਾ ਨਾ ਆਇਆ ਵੇ।




## ਛੁੱਟੀਆਂ

ਛੁੱਟੀਆਂ ਕੱਟਣ ਜਦ ਵੀ ਬੱਚੇ, ਮਾਪਿਆਂ ਦੇ ਸੰਗ ਆਉਂਦੇ ਨੇ,
ਰੌਣਕਾਂ ਨਾਲ ਘਰ ਭਰ ਜਾਂਦੇ, ਜਦ ਨੱਚਦੇ, ਟੱਪਦੇ, ਗਾਉਂਦੇ ਨੇ।
ਨਾਨੀ-ਨਾਨੇ ਦੇ ਚਾਵਾਂ ਨੂੰ, ਜਿਵੇਂ ਚਾਰ ਚੰਨ ਲੱਗ ਜਾਂਦੇ ਨੇ,
ਪਾ ਕੇ ਆਪਣੇ ਦੋਹਤੇ-ਦੋਹਤੀਆਂ, ਉਹ ਫੁੱਲੇ ਨਹੀਂ ਸਮਾਂਦੇ ਨੇ।
ਹਰ ਕੋਈ ਲੈਂਦਾ ਵਿੱਚ ਕਲਾਵੇ, ਤੇ ਰੱਜ-ਰੱਜ ਲਾਡ ਲਡਾਵੇ,
ਗਰਮੀ ਦਾ ਇਹ ਜੂਨ ਮਹੀਨਾ, ਬੱਚਿਆਂ ਲਈ ਮੌਜਾਂ ਲਿਆਵੇ।

ਸਾਰਾ ਸਾਲ ਹੀ ਚਾਅ ਹੁੰਦਾ ਹੈ, ਨਾਨਕਿਆਂ ਘਰ ਜਾਣ ਦਾ,
ਆਪਣੀ ਉਮਰ ਦੇ ਹਾਣੀਆਂ ਨੂੰ, ਮਿਲ ਕੇ ਗਲੇ ਲਗਾਣ ਦਾ।
ਖੇਡਾਂ ਅੰਦਰ ਨਹੀਂ ਮੌਕਾ ਖੁੰਝਦੇ, ਇੱਕ-ਦੂਜੇ ਨੂੰ ਖਿਝਾਣ ਦਾ,
ਅਗਲੇ ਪਲ ਹੀ ਲੱਭ ਲੈਂਦੇ, ਕੋਈ ਵਿਰਲਾ ਢੰਗ ਮਨਾਣ ਦਾ।
ਸਿਖਰ ਦੁਪਹਿਰੇ ਥੱਕ-ਹਾਰ ਕੇ, ਆ ਬਹਿੰਦੇ ਰੁੱਖਾਂ ਦੀ ਛਾਵੇਂ,
ਗਰਮੀ ਦਾ ਇਹ ਜੂਨ ਮਹੀਨਾ, ਬੱਚਿਆਂ ਲਈ ਮੌਜਾਂ ਲਿਆਵੇ।

ਭਾਣਜੇ-ਭਾਣਜੀਆਂ ਨੂੰ ਦੇਖ ਮਾਮੇ ਵੀ, ਖੁਸ਼ੀ 'ਚ ਭੰਗੜਾ ਪਾਉਂਦੇ,
ਕੁੱਛੜ 'ਚ ਚੁੱਕ ਕੇ ਪੂਰੇ ਪਿੰਡ ਦਾ, ਸਾਈਕਲ 'ਤੇ ਗੇੜਾ
ਲਗਵਾਉਂਦੇ।
ਰੋਜ਼-ਰੋਜ਼ ਕੁਝ ਨਵਾਂ ਖਾਣ ਦੀ, ਬੱਚੇ ਵੱਖਰੀ ਵਿਉਂਤ ਬਣਾਉਂਦੇ,
ਰੈਸਟੋਰੈਂਟ ਤੋਂ ਮਨਪਸੰਦ ਦੇ, ਨਿੱਤ ਨਵੇਂ ਆਰਡਰ ਮੰਗਵਾਉਂਦੇ।
ਬੱਚਿਆਂ ਦੀ ਹਰ ਜ਼ਿੱਦ ਅੱਗੇ, ਕੋਈ ਆਪਣੀ ਕਿਵੇਂ ਚਲਾਵੇ,
ਗਰਮੀ ਦਾ ਇਹ ਜੂਨ ਮਹੀਨਾ, ਬੱਚਿਆਂ ਲਈ ਮੌਜਾਂ ਲਿਆਵੇ।

ਮਰਜ਼ੀ ਆਪਣੀ ਦੇ ਮਾਲਕ ਹੁੰਦੇ, ਉਹ ਕਰਦੇ ਜੋ ਚਾਹੁੰਦੇ,
ਸਾਰਾ ਦਿਨ ਨੇ ਮਸਤੀ ਕਰਦੇ, ਫਿਰ ਦੇਰ ਰਾਤ ਨੂੰ ਸੌਂਦੇ।
ਦੇਸੀ ਘਿਓ ਦੀ ਚੂਰੀ ਨਾਨੀ, ਬੜੇ ਸਵਾਦ ਨਾਲ ਬਣਾਉਂਦੇ,
ਜਦ ਵੀ ਕਿਧਰੇ ਬੋਰ ਹੋ ਜਾਂਦੇ, ਭੂਆ ਜੀ ਸ਼ਹਿਰ ਘੁੰਮਾਉਂਦੇ।
ਕਦੇ ਵੀ ਛੁੱਟੀਆਂ ਖ਼ਤਮ ਨਾ ਹੋਣ, ਹਰ ਬੱਚਾ ਇਹੀ ਚਾਹੇ,
ਗਰਮੀ ਦਾ ਇਹ ਜੂਨ ਮਹੀਨਾ, ਬੱਚਿਆਂ ਲਈ ਮੌਜਾਂ ਲਿਆਵੇ।

ਬਚਪਨ ਦੇ ਉਹ ਦਿਨ ਸੁਹਾਣੇ, ਮੁੜ ਕਦੇ ਨਾ ਆਉਣਗੇ,
ਨਾਨਕੇ ਵਿਹੜੇ ਦੇ ਜੋ ਪਲ ਗੁਜ਼ਰੇ, ਭੁਲਾਏ ਕਦੇ ਨਾ ਜਾਣਗੇ।
ਉਮਰਾਂ ਦੇ ਉਹ ਯਾਰ ਪੁਰਾਣੇ, ਜਦ ਵੀ ਖ਼ਿਆਲਾਂ 'ਚ ਆਉਣਗੇ,
ਦਿਲ ਦੀ ਘੁੰਡੀ ਖੜਕਾ ਕੇ, ਬੁੱਲ੍ਹਾਂ 'ਤੇ ਮਿੱਠੀ ਮੁਸਕਾਨ ਲਿਆਉਣਗੇ।
'ਦਿਲਬਰ' ਘਰ ਦੇ ਕੋਨੇ 'ਚ ਬਹਿ ਕੇ, ਨੈਣਾਂ 'ਚੋਂ ਨੀਰ ਵਹਾਵੇ,
ਬਚਪਨ ਦਾ ਉਹ ਵਕਤ ਪੁਰਾਣਾ, ਕੋਈ ਫਿਰ ਤੋਂ ਮੋੜ ਲਿਆਵੇ।




## ਪੰਜਾਬ ਦੀ ਲੋੜ

ਬਦਕਿਸਮਤ ਪੰਜਾਬ ਹੈ ਮੇਰਾ,
ਭਰ ਪਰਿਵਾਰ ਲਾਵਾਰਸ ਹੋਇਆ।
ਪੁੱਤਰ ਇਸਦੇ ਬਾਗ਼ੀ ਹੋ ਗਏ,
ਹਰ ਇੱਕ ਲੋਭੀ ਗਾਫਲ ਸੋਇਆ।
ਜਾਣ ਬੁੱਝ ਅਣਜਾਣ ਬਣ ਗਏ,
ਭੁੱਲ ਗਏ ਜੋ ਇਤਿਹਾਸ ਸਮੋਇਆ।
ਕਦੇ ਸੀ ਡੌਲਿਆਂ ਹੀਰੇ ਬੰਨਦਾ,
ਅੱਜ ਇਹ ਕੱਖੋਂ ਹੌਲਾ ਹੋਇਆ।
ਚਿੱਟੇ ਕਾਲੇ ਨਸ਼ਿਆਂ ਖਾਧਾ,
ਪੁੱਤਰਾਂ ਜ਼ਹਿਰੀ ਡੰਗ ਘਸੋਇਆ।

ਪੁੱਤ ਮਾਲਾ ਪਕੜ ਉਦਾਸੀ ਬਣਿਆ ,
ਦੂਜਾ ਨਕਲੀ ਪੰਥਕ ਜਾਪੇ।
ਇੱਕ ਪਹਿਨ ਗੇਰੂਆ ਜੋਗੀ ਬਣ ਗਿਆ,
ਸੱਚ ਕਿਨਾਰੇ ਛੁਪਿਆ ਜਾਪੇ।
ਕੁੱਝ ਖਾ ਖਾ ਪੇਟ ਵਧਾਈ ਫਿਰਦੇ,
ਕੁੱਝ ਭੁੱਖੇ ਰੁੱਲਦੇ ਕੱਟਣ ਫਾਕੇ।
ਧਰਮ ਕਰਮ ਬਸ ਭੇਖ ਰਹਿ ਗਿਆ,
ਲੜਦੇ ਫਿਰਦੇ ਪੁੱਤਰ ਮਾਪੇ।

ਸਿਹਤ ਅਤੇ ਸਿੱਖਿਆ ਹੋਈ ਦੂਰ ਪਹੁੰਚ ਤੋਂ,
ਰਾਜੇ ਗੱਲੀਂ ਡੰਗ ਟਪਾਉਂਦੇ।
ਪੈਰ ਪੈਰ ਤੇ ਧੋਖਾ ਕਰਦੇ,
ਝੂਠ ਬੋਲਣੋਂ ਨਾ ਸ਼ਰਮਾਉਂਦੇ।
ਦਰਿਆਵਾਂ ਦਾ ਰੇਤਾ ਪੀ ਗਏ,
ਰੋੜੀ ਹੋ ਬੇਕਿਰਕ ਚਬਾਉਂਦੇ।
ਫਿਰੇ ਕੋੜਮਾ ਤਲਵੇ ਚੱਟਦਾ,
ਕੁਰਸੀ ਮੋਹ ਵਿੱਚ ਪੂਛ ਹਿਲਾਉਂਦੇ।

ਲੋੜ ਪੰਜਾਬ ਦੀ ਰਾਜਾ ਨਿਆਂਕਾਰੀ,
ਸਾਧ ਤਿਆਗ ਦੀ ਮੂਰਤ ਹੋਵੇ।
ਜਾਤ ਬੰਸ ਨਾ ਧਰਮ ਵਿਤਕਰਾ,
ਮਾਨਵਵਾਦੀ ਸੂਰਤ ਹੋਵੇ।
ਮੁਫਤੋ ਮੁਫਤੀ ਸਿੱਖਿਆ ਦੇਵੇ,
ਸਸਤੀ ਸਿਹਤ ਸਹੂਲਤ ਹੋਵੇ,
ਕੰਮ ਧੰਦੇ ਇਤਫ਼ਾਕ ਵਧਾਵੇ,
ਸਮਝੇ ਜਿਹੜੀ ਲੋਕ ਜਰੂਰਤ ਹੋਵੇ।

ਖੁਦਮੁੱਖਤਾਰੀ ਦਾ ਝੰਡਾ ਚੁੱਕੇ,
ਵੱਧ ਅਧਿਕਾਰ ਲੈ ਭਲਾ ਮਨਾਵੇ।
ਸੰਕਟ ਵਿੱਚ ਅੱਗੇ ਲੱਗ ਚੱਲੇ,
ਸੁੱਖ ਵੇਲੇ ਪਰਉਪਕਾਰ ਕਮਾਵੇ।
ਭੱਕੂ ਮਾਜਰਾ ਦੇਵੇ ਮਾਣ ਵਿਰੋਧੀ ਨੂੰ,
ਮਿੱਤਰਾਂ ਤੋਂ ਵੀ ਸਦਕੇ ਜਾਵੇ।




## ਗ਼ਜ਼ਲ

ਤੇਰੀਆਂ ਰਾਹਾਂ ਵਿੱਚ ਦਿਲ ਆਪਣਾ ਵਿਛਾ ਬੈਠੇ ਹਾਂ,
ਤੇਰੀ ਇੱਕ ਮੁਸਕਾਨ 'ਤੇ ਦੁਨੀਆ ਭੁਲਾ ਬੈਠੇ ਹਾਂ।

ਤੂੰ ਮਿਲੇਂ ਤਾਂ ਹਰ ਰੁੱਤ ਬਹਾਰਾਂ ਵਰਗੀ ਲੱਗਦੀ ਏ,
ਤੇਰੇ ਬਿਨ ਤਾਂ ਅਸੀਂ ਖ਼ੁਦ ਨੂੰ ਵੀ ਗਵਾ ਬੈਠੇ ਹਾਂ।

ਦਿਲ ਦੀ ਹਰ ਧੜਕਣ ਤੇਰਾ ਹੀ ਨਾਂ ਲੈਂਦੀ ਏ,
ਇਸ ਮੁਹੱਬਤ ਨੂੰ ਅਸੀਂ ਰੂਹ ਵਿੱਚ ਵਸਾ ਬੈਠੇ ਹਾਂ।

ਨਾ ਕੋਈ ਸ਼ਰਤ, ਨਾ ਕੋਈ ਸ਼ਿਕਵਾ, ਨਾ ਗਿਲਾ ਕੋਈ,
ਤੇਰੇ ਪਿਆਰ ਨੂੰ ਹੀ ਆਪਣਾ ਖ਼ੁਦਾ ਬਣਾ ਬੈਠੇ ਹਾਂ।

ਜੇ ਕਦੇ ਤੂੰ ਵੀ ਮੇਰੀਆਂ ਅੱਖਾਂ ਨੂੰ ਪੜ੍ਹ ਲਵੇਂ,
ਜਾਣ ਲਵੇਂਗਾ ਕਿੰਨੇ ਸੁਪਨੇ ਸਜਾ ਬੈਠੇ ਹਾਂ।

ਉਮਰ ਭਰ ਤੇਰਾ ਸਾਥ ਹੀ ਮੇਰੀ ਦੌਲਤ ਹੋਵੇ,
ਇਹੀ ਅਰਮਾਨ ਦਿਲ ਵਿੱਚ ਅਸੀਂ ਲੁਕਾ ਬੈਠੇ ਹਾਂ।




## ਗ਼ਜ਼ਲ

ਮੇਰਾ ਦਿਲਬਰ ਦਗ਼ਾ ਕਮਾ ਕੇ ਚਲਾ ਗਿਆ।
ਉਮਰ ਸਾਰੀ ਲਈ ਝੋਰਾ ਲਾ ਕੇ ਚਲਾ ਗਿਆ।

ਉਸਦੇ ਪਿਆਰ ਚ ਹੁੰਦੇ ਸਾਂ ਸੁਲਤਾਨ ਜਿਹੇ,
ਬੇਦਰ ਜਿਹੇ, ਫਕੀਰ ਬਣਾ ਕੇ ਚਲਾ ਗਿਆ।

ਅਸੀਂ ਬੇਦੋਸ਼ੇ ਇਸ਼ਕ ਦੇ ਨਾਂਅ ਹੋ ਕਤਲ ਗਏ,
ਉਹ ਆਪਣੀ ਬਕਰੀਦ ਮਨਾ ਕੇ ਚਲਾ ਗਿਆ।

ਹੁਣ ਵੀ ਫੁੱਲਾਂ ਦੀ ਖੁਸ਼ਬੋ ਜਿਹੀ ਆਉਂਦੀ ਹੈ,
ਹੱਥ ਮੇਰਾ ਫੜ੍ਹ ਹੋਠ ਛੁਹਾ ਕੇ ਚਲਾ ਗਿਆ।

ਸ਼ਹਿਰ 'ਚ ਖਬਰੈ ਕਿਸ ਦਾ ਕੀ ਚੁਰਾ ਤੁਰਿਆ,
ਮੇਰਾ ਵੀ ਉਹ ਦਿਲ ਚੁਰਾ ਕੇ ਚਲਾ ਗਿਆ।

ਮਨ ਦੀ ਬਸਤੀ ਅੰਦਰ ਬਹੁਤ ਕੋਲਾਹਲ ਹੈ,
ਨੈਣ ਮਿਲਾ ਕੇ ਭਾਜੜ ਪਾ ਕੇ ਚਲਾ ਗਿਆ।

ਖਬਰੈ ਕਿੱਥੇ ਹੱਸ ਹੱਸ ਜਾਲ ਵਿਛਾਉਂਦਾ ਹੋਊ,
ਸਾਨੂੰ ਬੱਸ ਉਹ ਰੋਣ ਸੰਭਾ ਕੇ ਚਲਾ ਗਿਆ।

ਪੰਛੀ ਅਕਸਰ ਟਾਹਣ ਬਦਲਦੇ ਰਹਿੰਦੇ ਨੇ,
ਚੰਦਰਾ ਇੰਉ ਉਪਦੇਸ਼ ਸੁਣਾ ਕੇ ਚਲਾ ਗਿਆ।

ਚੱਲ ਜਗਦੀਸ਼! ਤੂੰ ਲਿਖਿਆ ਕਰ ਤੇ ਗਾਇਆ ਕਰ
ਤੇਰੇ ਹੱਥ ਉਹ ਕਲਮ ਥਮਾ ਕੇ ਚਲਾ ਗਿਆ।




## ਰੱਬਾ ਛੁੱਟੀਆਂ ਹੋਰ ਵਧਾ



ਸਾਡਾ ਘਰ ਦਾ ਕੰਮ ਰਹਿੰਦਾ ਏ
ਰੱਬਾ ਛੁੱਟੀਆਂ ਹੋਰ ਵਧਾ।
ਬਿਜਲੀ ਤੋਂ ਵੀ ਖਪੇ ਪਏ ਆਂ,
ਗਰਮੀ ਦੇ ਨਾਲ ਤਪੇ ਪਏ ਆਂ,
ਗਰਮੀ ਦੇ ਨਾਲ ਲੂਹ ਪੈਂਦੀ ਏ
ਮੰਤਰੀਆਂ ਦੇ ਖਾਨੇ ਪਾ।
ਰੱਬਾ ਛੁੱਟੀਆਂ ਹੋਰ ਵਧਾ....

ਮਾਮਿਆਂ ਦੇ ਹੀ ਆਏ ਹਾਂ
ਅਜੇ ਮਾਸੀ ਦੇ ਵੀ ਜਾਣਾ ਏ।
ਭੂਆ ਸਾਡੀ ਰੁੱਸ ਜਾਣੀ ਏ,
ਸਾਨੂੰ ਕੋਲ਼ ਉਹ ਰਹੀ ਬੁਲਾ
ਰੱਬਾ ਛੁੱਟੀਆਂ ਹੋਰ ਵਧਾ...

ਨਾਨਾ ਸਾਡਾ ਲਾਡ ਲਡਾ ਵੇ,
ਨਾਨੀ ਕੁੱਛੜ ਚੁੱਕ ਖਿਡਾਵੇ,
ਮਾਮਾ ਮਾਮੀ ਵਾਲ਼ਾ ਸਾਡਾ,
ਅਜੇ ਤਾਈਂ ਨਾ ਮੁੱਕਿਆ ਚਾਅ।
ਰੱਬਾ ਛੁੱਟੀਆਂ ਹੋਰ ਵਧਾ.....

ਬੱਚਿਆਂ ਦੀ ਗੱਲ ਸੁਣਲੈ ਰੱਬਾ,
ਬਾਪੂ ਸਾਡਾ ਬੜਾ ਹੀ ਕੱਬਾ,
ਭਲ਼ਕੇ ਸਾਨੂੰ ਲੈਣ ਵਾਸਤੇ ,
ਨਾਨਕੇ ਪਿੰਡ ਜਾਣਾ ਓਨੇ ਆ।
ਰੱਬਾ ਛੁੱਟੀਆਂ ਹੋਰ ਵਧਾ.....








ਆਪਣੀਆਂ ਰਚਨਾਵਾਂ ਨੂੰ ਛਪਵਾਉਣ ਲਈ ਹੇਠਾਂ ਦਿੱਤੇ ਗਏ ਨੰਬਰਾਂ ਤੇ ਸੰਪਰਕ ਕਰੋ।

" ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ । ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸਬੰਧਿਤ ਲੇਖਕ ਹੀ ਜ਼ਿੰਮੇਵਾਰ ਹੋਵੇਗਾ , ਅਦਾਰਾ ਜਾਂ ਸੰਪਾਦਕ ਮੰਡਲ ਨਹੀਂ। "

E-mail:- adbivirsat@gmail.com

WHATSAPP NUMBER :- 89689 - 33711 , 98720 - 79212



# ਅਦਬੀ ਵਿਰਾਸਤ

ਅੰਕ 06 , ਸਥਾਪਨਾ -ਦਸੂਹਾ, 05/07/2026 ਦਿਨ ਐਤਵਾਰ (ਨਾਨਕਸ਼ਾਹੀ ਸੰਮਤ 21 ਹਾੜ 558)adbivirsat@gmail.com


## ਫੁੱਲਵਾੜੀ ਦਾ ਉਹ ਫੁੱਲ

ਕਹਾਣੀਕਾਰ ਲਾਲ ਸਿੰਘ ਫੁੱਲਵਾੜੀ ਕਹਾਣੀ ਦਾ ਉਹ ਫੁੱਲ ਹੈ, ਜਿਸ ਨੇ ਸੱਭਿਆਚਾਰਿਕ ਅਤੇ ਸਮਾਜਿਕ ਸਰੋਕਾਰਾਂ ਨੂੰ ਆਪਣੀਆਂ ਕਹਾਣੀਆਂ ਵਿੱਚ ਬੜੀ ਸੁਹਿਰਦਤਾ ਨਾਲ ਪੇਸ਼ ਕੀਤਾ ਹੈ। ਮਨ ਨੂੰ ਟੁੰਬ ਦੀਆਂ ਕਹਾਣੀਆਂ ਵਿੱਚੋਂ ਦੁਆਬੇ ਦੀ ਮਿੱਟੀ ਦੀ ਵਾਸ਼ਨਾ ਅ ਰਹੀ ਹੈ।
ਸੱਚ ,ਸਾਫ ਤੇ ਸਪੱਸ਼ਟ ਸ਼ਬਦਾਂ ਦੀ ਸ਼ੈਲੀ ਨਾਲ ਕਲਮ ਨੂੰ ਸੰਜੀਦਾ ਕੀਤਾ ਹੈ। ਅਗਾਂਹਵਧੂ ਸੋਚ ਵਾਲਾ ਤੇ ਯਥਾਰਥਵਾਦੀ ਕਹਾਣੀਕਾਰ ਹੈ। ਕਹਾਣੀਆਂ ਵਿੱਚ ਦਿਲ ਨੂੰ ਛੋਹ ਲੈਣ ਵਾਲੀ ਕਸ਼ਿਸ ਕਿ ਕਹਾਣੀਕਾਰ ਆਰਥਿਕ ਤੇ ਸਮਾਜਿਕ ਤਰੁਟੀਆਂ ਦਾ ਚਿੰਤਨ ਹੈ।

ਲਾਲ ਸਿੰਘ ਦੀ ਲਿਖਣਸੈਲੀ ਸਾਦੀ , ਪ੍ਰਭਾਵਸ਼ਾਲੀ ਤੇ ਮਨੁੱਖੀ ਜੀਵਨ ਦੇ ਨੇੜੇ ਹੈ, ਬਹੁਤ ਸੰਖੇਪ ਤੇ ਸਟੀਕ ਸ਼ਬਦਾਂ ਵਿੱਚ ਡੂੰਘੀਆਂ ਗੱਲਾਂ ਕਹਿਣ ਦੀ ਕਲਾ ਹੈ ॥
ਕਹਾਣੀਆਂ ਵਿੱਚ ਸੱਭਿਆਚਾਰਿਕ ਤੇ ਯਥਾਰਥਵਾਦ ਦੇ ਚਿੱਤਰ ਤੇ ਚਿੰਤਨ ਦਿਖਾਈ ਦਿੰਦੇ ਹਨ। ਕਾਲੀ ਮਿੱਟੀ (ਲਾਲ ਲਹੂ);ਬਲੌਰ, ਧੁੱਪ ਛਾਂ ਆਦਿ ਪੜਕੇ ਪਾਠਕਾਂ ਨੂੰ ਦਿਲ ਖਿਚਮਾ ਮਜਾ ਆਉਂਦਾ ਹੈ, ਕਹਾਣੀ ਵਿੱਚ ਇਹ ਖਿੱਚ ਹੈ ਕਿ ਅਗਾਂਹ ਕੀ ਹਊ ? ਕਹਾਣੀ ਪਾਠਕਾਂ ਨੂੰ ਅੰਤਰਿਕ ਸੰਤੁਸ਼ਟਤਾ,ਪੜ੍ਹਨਸ਼ੌਂਕ,ਲਿਖਣ ਦਾ ਸ਼ੌਂਕ, ਕਲਪੰਨਾ ਨੂੰ ਤਰਾਸ਼ਦੀ ਤੇ ਰਹੱਸਮਈ ਬਣਾਉਂਦੀ ਹੈ।ਕਹਾਣੀ ਰਾਹੀਂ ਭਾਸ਼ਾ ਪਰਗਟਾਅ ਦੀ ਬਹੁ-ਭਾਂਤੀ ਵੰਨਗੀ ਝੋਲੀ ਪੈਂਦੀ ਹੈ।ਪੜ੍ਹ ਕੇ ਕਿਸੇ ਦੀ ਵੀ ਕਲਮ ਆਪ-ਮੁਹਾਰੇ ਬੋਲ ਪੈਂਦੀ ਹੈ।

ਅਦਬੀ ਵਿਰਾਸਤ ਮੈਗਜ਼ੀਨ ਦੇ ਕਰਤਾ-ਧਰਤਾ ਨੂੰ ਮੇਰੀ ਵੱਲੋਂ ਦਿਲ ਦੀਆਂ ਗਹਿਰਾਂਈਆਂ ਤੋਂ ਪਿਆਰ ਅਤੇ ਧੰਨਵਾਦ ਜਿਨ੍ਹਾਂ ਨੇ ਲਾਲ ਸਿੰਘ ਕਹਾਣੀਕਾਰ ਦੇ ਜੀਵਨ ਤੇ ਸਹਿਤਰਚਨਾ ਨੂੰ ਗਿਆਨ ਕਰਵਾਉਣ ਦਾ ਆਪਣੇ ਮੈਗਜ਼ੀਨ ਰਾਹੀਂ ਮੌਕਾ ਦਿੱਤਾ ਜੀ ॥
ਸਾਰੇ ਰਚਨਾਕਾਰਾਂ ਵਾਰੇ ਜਾਣ -ਕਾਰੀ ਅਤੇ ਉਹਨਾਂ ਦੀਆਂ ਛਪੀਆਂ ਸਾਰੀਆਂ ਰਚਨਾਵਾਂ ਪੜ੍ਹ ਕੇ ਗਿਆਨ ਵਿੱਚ ਵਾਧਾ ਅਤੇ ਲਿਖਣ ਕਲਾ ਵਿੱਚ ਵਾਧਾ ਇਸ ਮੈਗਜ਼ੀਨ ਦੀ ਬਦੋਲਤ ਰਾਹੀਂ ਵੀ ਹੋ ਰਿਹਾ ਹੈ।
ਸਭ ਦਾ ਹਮਦਰਦ !




## ਕੱਚੇ ਕੰਨਾਂ ਵਾਲ਼ੇ

ਦੁੱਖ ਫਰੋਲ ਮਨ ਹੌਲਾ ਕਰ ਲੈ, ਅਕਸਰ ਕਹਿੰਦੇ ਨੇ
ਓਹੀ ਹੁੰਦੇ ਫਿਰ ਜਿਹੜੇ ਸੁਣਕੇ, ਜੜ੍ਹਾਂ 'ਚ ਬਹਿੰਦੇ ਨੇ

ਰਿਸ਼ਤਿਆਂ ਵਿੱਚ ਤਰੇੜ ਜੇ ਆ ਜਾਏ, ਚੁੱਪ ਹੀ ਚੰਗੀ ਹੈ
ਆਂਢ ਗੁਆਂਢ ਦੇ ਉਂਗਲ ਲਾ ਕੇ, ਮਜ਼ਾ ਹੀ ਲੈਂਦੇ ਨੇ

ਘਰ ਵਿਹੜੇ ਵਿੱਚ ਬੈਠੇ ਹੁੰਦੇ, ਦੁਸ਼ਮਣ ਆਪਣਿਆਂ ਵਿੱਚ
ਗੱਲ ਗੱਲ ਤੇ ਜੋ ਹਰ ਇੱਕ ਗੱਲ ਤੇ, ਜਾਣ ਕੇ ਖਹਿੰਦੇ ਨੇ

ਘਰ ਗ੍ਰਹਿਸਥੀ ਦੇ ਦੋ ਨੇ ਮਣਕੇ, ਪਤਨੀ ਪਤੀ ਨੇ ਦੋ
ਸਿਆਣੇ ਓਹੀ ਦੁੱਖ ਸੁੱਖ ਜੋ ਕੇ, ਬਰਾਬਰ ਸਹਿੰਦੇ ਨੇ

ਭਰਾ ਭਰਾ ਇੱਕ ਉਮਰ ਤੇ ਜਾ ਕੇ , ਸ਼ਰੀਕ ਵੀ ਬਣ ਜਾਂਦੇ
ਇੱਕ ਓਹ ਉਮਰ ਵੀ ਆਉਂਦੀ ਗਲੇ ਲੱਗ, ਰੋ ਵੀ ਪੈਂਦੇ ਨੇ

ਚੁਗਲੀਆਂ ਦੀ ਇੱਕ ਆਦਤ ਭੈੜੀ, ਉਜਾੜ ਦੇਵੇ ਵੱਸਦੇ
ਕੱਚੇ ਕੰਨਾਂ ਵਾਲ਼ੇ ਇਹਨਾਂ ਦੇ, ਨਿਸ਼ਾਨੇ ਤੇ ਰਹਿੰਦੇ ਨੇ

ਸੁੱਖਵਿੰਦਰ ਬੋਦਲਾਂਵਾਲਿਆਂ ਕਿਤਾਬਾਂ, ਗਿਆਨ ਦੇ ਨੇ ਸਾਗਰ
ਜੋ ਨਹੀਂ ਪੜ੍ਹਦੇ ਗਿਆਨ ਵਿਹੂਣੇ, ਹਰ ਥਾਂ ਢਹਿੰਦੇ ਨੇ




## ਬੇਰੰਗ ਅਤੇ ਬੇਸੁਆਦ

ਤੂੰ ਮੇਰੇ ਲਈ ਐਵੇਂ ਸਮਾਂ ਬਰਬਾਦ ਨਾਂ ਕਰ,
ਭੁੱਲ ਜਾ ਮੈਨੂੰ ਸੁਪਨਾਂ ਸਮਝ ਕੇ,ਯਾਦ ਨਾਂ ਕਰ,
ਤੂੰ ਜ਼ਿੰਦਗੀ ਜਿਉਂ ਲੈ ਹੋਰ ਕਿਸੇ ਦੇ ਸੰਗ,
ਇਸਨੂੰ ਬੇਰੰਗ ਅਤੇ ਬੇਸੁਆਦ ਨਾਂ ਕਰ,
ਤੂੰ ਹਾਸੇ ਹੱਸ ਲੈ ਨਵੇਂ ਸੱਜਣ ਨੂੰ ਗਲ਼ ਲਾ ਕੇ,
ਆਪਣੇਂ ਗ਼ਮਾਂ ਦੀ ਵੱਧ ਤਾਦਾਦ ਨਾਂ ਕਰ,
ਮੇਰੇ ਨਾਲ਼ ਪਿਆਰ ਕਰਕੇ ਜੋ ਤੂੰ ਕੀਤੀ ਹੈ,
ਉਹ ਗ਼ਲਤੀ ਅੱਜ ਤੋਂ ਬਾਅਦ ਨਾਂ ਕਰ,
ਤੂੰ ਵਸਦਿਆਂ ਵਿੱਚ ਹੀ ਰਹੇਂ ਤਾਂ ਚੰਗਾ ਹੈ,
ਦਿਲ ਵਿੱਚ ਖਿੜੀ ਗੁਲਜ਼ਾਰ ਨੂੰ ਬੇਆਬਾਦ ਨਾਂ ਕਰ,
'ਦਿਲਸ਼ਾਨ' ਹਸਰਤ ਦਿਲ ਦੀ ਪੂਰੀ ਕਰ ਲੈ,
ਆਪਣੇਂ ਅਰਮਾਨਾਂ ਦੀ ਖ਼ਤਮ ਮਿਆਦ ਨਾਂ ਕਰ।




## ਜ਼ਿੰਦਗੀ ਦੇ ਸ਼ੌਕ

ਜ਼ਿੰਦਗੀ ਦੇ ਸ਼ੌਂਕ ਹੁੰਦੇ ਬੜੇ ਅਲਬੇਲੇ ਵੇ,
ਪੂਰੇ ਨਾ ਹੋਣ ਜਿਹੜੇ ਬਿਨ ਪੈਸੇ ਧੇਲੇ ਵੇ।

ਕੋਈ ਸ਼ੌਂਕ ਲਈ ਵਿਕ ਜਾਂਦਾ ਗੈਰਾਂ ਹੱਥੋਂ ਏ,
ਨਿਕਲ ਨਾ ਪਾਉਂਦਾ ਫਿਰ ਝੂਠੇ ਜਾਲਾਂ ਵਿੱਚੋਂ ਏ।
ਕੋਈ ਫਸ ਜਾਂਦਾ ਇਸ਼ਕ ਦੇ ਵੱਡੇ ਝਮੇਲੇ ਵੇ,
ਜ਼ਿੰਦਗੀ ਦੇ ਸ਼ੌਂਕ ਹੁੰਦੇ ਬੜੇ ਅਲਬੇਲੇ ਵੇ॥

ਕੋਈ ਤੂੰਬੀ ਵਾਲੇ ਗੀਤਾਂ ਵਿੱਚ ਦਰਦ ਸੁਣਾਵੇ ਵੇ,
ਕੋਈ ਢੋਲ ਦੀ ਥਾਪ ਉੱਤੇ ਪੰਜਾਬੀ ਬੋਲੀ ਪਾਵੇ ਵੇ।
ਕੋਈ ਪਹਿਨੇ ਬੂਟ ਸੂਟ ਗਹਿਣੇ ਨਵੇਂ ਨਵੇਲੇ ਵੇ,
ਜ਼ਿੰਦਗੀ ਦੇ ਸ਼ੌਂਕ ਹੁੰਦੇ ਬੜੇ ਅਲਬੇਲੇ ਵੇ॥

ਕੋਈ ਪੜ੍ਹਨ ਦਾ ਸ਼ੌਂਕੀ ਕਰੇ ਅੱਖਰਾਂ ਨਾਲ ਗੱਲਾਂ ਵੇ,
ਦਿਲ ਦੀਆਂ ਰੂਹਾਨੀ ਪੀੜਾਂ ਬਣ ਜਾਣ ਛੱਲਾਂ ਵੇ।
ਕੋਈ ਗੀਤਾਂ ਵਿੱਚ ਲਿਖਦਾ ਸ਼ਬਦ ਅਠਖੇਲੇ ਵੇ,
ਜ਼ਿੰਦਗੀ ਦੇ ਸ਼ੌਂਕ ਹੁੰਦੇ ਬੜੇ ਅਲਬੇਲੇ ਵੇ॥

ਕੋਈ ਮਿੱਟੀ ਦੀ ਖੁਸ਼ਬੂ ਵਿੱਚੋਂ ਖੁਸ਼ੀ ਲੱਭਦਾ ਏ,
ਕੋਈ ਸਾਦਗੀ ਦੇ ਰੰਗ ਵਿੱਚ ਸੋਹਣਾ ਫੱਬਦਾ ਏ।
ਕੋਈ ਘੋੜਿਆਂ ਦਾ ਸ਼ੌਂਕੀ ਭਰੀ ਰੱਖੇ ਤਬੇਲੇ ਵੇ,
ਜ਼ਿੰਦਗੀ ਦੇ ਸ਼ੌਂਕ ਹੁੰਦੇ ਬੜੇ ਅਲਬੇਲੇ ਵੇ॥

ਕੋਈ ਪਿੱਪਲਾਂ ਦੀ ਛਾਂ ਵਿੱਚ ਰੱਬੀ ਨੂਰ ਵੇਖੇ,
ਕੋਈ ਪੰਛੀਆਂ ਦੀ ਮਹਿਫ਼ਿਲ ਵਿੱਚ ਸਰੂਰ ਵੇਖੇ।
ਕੋਈ ਹਾਸਿਆਂ ਦੇ ਪਿੱਛੇ "ਪਰਮ" ਦਰਦਾਂ ਨੂੰ ਝੇਲੇ ਵੇ,
ਜ਼ਿੰਦਗੀ ਦੇ ਸ਼ੌਂਕ ਹੁੰਦੇ ਬੜੇ ਅਲਬੇਲੇ ਵੇ॥

ਕੋਈ ਚੰਨ ਤਾਰਿਆਂ ਨਾਲ ਪਾ ਲਵੇ ਪ੍ਰੀਤਾਂ ਵੇ,
ਕੋਈ ਨਿਭਾਵੇ ਜੱਗ ਵਾਲੀਆਂ ਰੀਤਾਂ ਵੇ।
ਕੋਈ ਬਣ ਫ਼ਕੀਰ ਤੁਰ ਪੈਂਦਾ ਜੰਗਲ ਬੇਲੇ ਵੇ,
ਜ਼ਿੰਦਗੀ ਦੇ ਸ਼ੌਂਕ "ਕਲੇਰ" ਹੁੰਦੇ ਅਲਬੇਲੇ ਵੇ॥




## ਵਾਹਿਗੁਰੂ ਤੇਰਾ ਸ਼ੁਕਰ ਹੈ

ਵਾਹਿਗੁਰੂ ਤੇਰਾ ਸ਼ੁਕਰ ਹੈ ਤੂੰ ਜੱਗ ਦਿਖਾਇਆ।
ਲੱਖ ਚੁਰਾਸੀ ਜੂਨ ਕੱਟ ਇਨਸਾਨ ਬਣਾਇਆ।।

ਵਾਹਿਗੁਰੂ ਤੇਰਾ ਸ਼ੁਕਰ ਹੈ ਇਹ ਮੁੱਖ ਬਣਾਇਆ।
ਜੱਪਦਿਆਂ ਤੇਰਾ ਨਾਮ ਜਿਸ ਬਹੁ ਨਾਮ ਕਮਾਇਆ।।

ਵਾਹਿਗੁਰੂ ਤੇਰਾ ਸ਼ੁਕਰ ਹੈ ਤੂੰ ਦਿੱਤੀਆਂ ਅਕਲਾਂ।
ਵਰਨਾ ਕਿਸ ਕੰਮ ਹਸਤੀਆਂ,ਧਨ , ਸੋਹਣੀਆਂ ਸ਼ਕਲਾਂ।।

ਵਾਹਿਗੁਰੂ ਤੇਰਾ ਸ਼ੁਕਰ ਹੈ ਸਾਹ ਬਖਸ਼ੇ ਲੱਖਾਂ।
ਜਗਤ ਤਮਾਸ਼ਾ ਦੇਖਣ ਲਈ ਦੋ ਬਖਸ਼ੀਆਂ ਅੱਖਾਂ।।

ਵਾਹਿਗੁਰੂ ਤੇਰਾ ਸ਼ੁਕਰ ਹੈ ਸੱਭ ਅੰਗ ਨੇ ਸੋਹਣੇ।
ਸੱਚੀ ਕਿਰਤ ਕਰੰਦਿਆਂ ਹੋ ਗਏ ਮਨਮੋਹਣੇ।।

ਵਾਹਿਗੁਰੂ ਤੇਰਾ ਸ਼ੁਕਰ ਹੈ ਸੁੰਦਰ ਘਰਵਾਲੀ ।
ਸੱਚੀ-ਸੁੱਚੀ,ਮਿਹਨਤੀ, ਪਿਆਰੀ, ਮਤਵਾਲੀ।।

ਵਾਹਿਗੁਰੂ ਤੇਰਾ ਸ਼ੁਕਰ ਹੈ ਧੀ ਪੁੱਤ ਨੇ ਪਿਆਰੇ।
ਤੋਹਫੇ ਅਜਬ, ਅਨੂਪ, ਰੂਪ, ਅੱਖੀਆਂ ਦੇ ਤਾਰੇ।।

ਵਾਹਿਗੁਰੂ ਤੇਰਾ ਸ਼ੁਕਰ ਹੈ, ਤੂੰ ਕਲਮ ਫੜਾਈ।
ਹੱਕ ,ਸੱਚ ,ਇਨਸਾਫ ਲਈ ਕਰੇ ਸ਼ਬਦ ਚਿਣਾਈ।।

ਵਾਹਿਗੁਰੂ ਤੇਰਾ ਸ਼ੁਕਰ ਹੈ ਜਗਦੀਸ਼ ਪੁਕਾਰੇ।
ਤੁਧ ਜੇਡਾ ਕੋਈ ਹੋਰ ਨਾ ਜਾਵਾਂ ਬਲਿਹਾਰੇ।।




## ਸੱਚ ਸੁਣਾਉਂਦਾ ਹਾਂ

ਬਿਲਕੁੱਲ ਵੀ ਝੂਠ ਨਹੀਂ
ਸੱਚ ਸੁਣਾਉਂਦਾ ਹਾਂ ਮੈਂ

ਅੰਦਰੋਂ ਅੰਦਰੀ ਰੌਲਾ ਪਾਕੇ
ਲੋਕਾਂ ਨੂੰ ਸਮਝਾਉਂਦਾ ਹਾਂ ਮੈਂ

ਕਿਉਂ ਕਰਦੇ ਹੋ ਹੇਰਾ ਫੇਰੀ
ਕਹਿ ਕੇ ਪਾਪ ਡਰਾਉਂਦਾ ਹਾਂ ਮੈਂ

ਜਿਨ੍ਹਾਂ ਬੇਗਾਨੇ ਹੱਕ ਨੇ ਖਾਏ
ਰੱਜ ਜਾਣ ਓਹ ਚਾਉਂਦਾ ਹਾਂ ਮੈਂ

ਦਿਲ ਕਰੇ ਕਦੇ ਮੂੰਹ ਤੇ ਬੋਲਾਂ
ਪਤਾ ਨਹੀਂ ਕਿਉਂ ਕਤਰਾਉਂਦਾ ਹਾਂ ਮੈਂ

ਬਿਲਕੁੱਲ ਵੀ ਝੂਠ ਨਹੀਂ
ਸੁਣੋ ਸੱਚ ਸੁਣਾਉਂਦਾ ਹਾਂ ਮੈਂ

ਥੱਕ ਹਾਰ ਕੇ ਬੈਠਿਆਂ ਦੇ
ਅੰਦਰ ਆਸ ਜਗਾਉਂਦਾ ਹਾਂ ਮੈਂ

ਮੰਗਿਆਂ ਤੋਂ ਮੈਂ ਕੁੱਝ ਨਾ ਦੇਵਾਂ
ਕਿਤੇ ਜਾ ਸਭ ਲੁਟਾਉਂਦਾ ਹਾਂ ਮੈਂ

ਵਕਤ ਦੀ ਮਾਰ ਦੇ ਮਾਰੇ ਰੋਂਦੇ
ਕਈਆਂ ਨੂੰ ਚੁੱਪ ਕਰਾਉਂਦਾ ਹਾਂ ਮੈਂ

"ਅੰਗਰੇਜ"ਜਿਹਾ ਕੀਤੇ ਮਿਲਜੇ ਮੈਨੂੰ
ਉਸਤੇ ਹੱਕ ਜਤਾਉਂਦਾ ਹਾਂ ਮੈਂ

ਉਂਝ ਰੋਜ਼ ਮੈਨੂੰ ਬਹੁਤ ਨੇ ਮਿਲਦੇ
ਇਕੋ ਐ ਜਿਹਨੂੰ ਚਾਉਂਦਾ ਹਾਂ ਮੈਂ




## ਬੌਰਾ ਦਿਲ

ਆਹ ਦਿਲ ਮੇਰਾ ਝੱਲਾ-ਬੌਰਾ
ਹੋਇਆ ਫਿਰੇ ਅਵਾਰਾ,
ਖਿੱਚ ਲਗਾਮਾਂ ਬੜਾ ਰੋਕਿਆ
ਮੋੜਦਾ ਨਹੀਂ ਮੁਹਾਰਾਂ।

ਕਮਾਨੋਂ ਨਿਕਲ਼ੇ ਤੀਰ ਵਾਂਗਰਾਂ
ਚੀਰਦਾ ਜਾਏ ਹਵਾਵਾਂ,
ਵਾ-ਵਰੋਲੇ ਵਾਂਗ ਜੋਸ਼ੀਲਾ
ਅੰਬਰੀਂ ਭਰੇ ਉਡਾਰਾਂ।

ਕੀਤੀ ਉੱਤੇ ਨਹੀਂ ਪਛਤਾਉਂਦਾ
ਕਦੇ ਨਾ ਕਰਦਾ ਝੋਰਾ,
ਗੁੱਸੇ-ਖੋਰ ਸੁਭਾਅ ਦਾ ਅੜੀਅਲ
ਰੂਪ ਧਾਰੇ ਖੂੰਖਾਰਾਂ।

ਸੜਨ ਲਈ ਪਰਵਾਨਾ ਬਣਦਾ
ਅੱਗ ਨੂੰ ਜੱਫੀਆਂ ਪਾਵੇ,
ਜਾਨ ਵਾਰਿਆਂ ਹੀ ਹੈ ਮਿਲਦਾ
ਰੁਤਬਾ-ਏ- ਸਰਦਾਰਾਂ।

ਨਵੇਂ ਉਪੱਦਰ ਰਹੇ ਸਿਰਜਦਾ
ਟਿਕ ਕੇ ਕਦੇ ਨਾ ਬੈਠੇ,
ਤੋਤੇ ਵਾਲ਼ੀ ਰਟ ਕੇ ਭਾਸ਼ਾ
ਰਹੇ ਮਾਰਦਾ ਟਾਰ੍ਹਾਂ।

ਪਿੱਠ ਤੇ ਕਾਠੀ ਪੈਣ ਨਾ ਦਿੰਦਾ
ਦਿਲ ਦਾ ਅੱਥਰਾ ਘੋੜਾ,
ਪਛੰਡੇ ਮਾਰਦਾ ਹਿਣ-ਹਿਣ ਕਰਕੇ
ਭਾਵੇਂ ਲੱਖ ਪੁਚਕਾਰਾਂ।

ਅਕਲ ਦੇ ਪੌਂਡੇ ਪੈਰ ਨਾ ਧਰਦਾ
ਹਰ ਦਮ ਬਣੇ ਖਰੂਦੀ,
ਈਰਖਾ ਕਰ, ਝਗੜਾਲੂ ਹੋਇਆ
ਸਿੱਖ ਗਿਆ ਖਾਣੀਆਂ ਖਾਰਾਂ।

ਭੂੰਡਾਂ ਦੇ ਖੱਖਰਾਂ ਨੂੰ ਛੇੜੇ
ਫ਼ਤੂਰ ਚੜ੍ਹ ਗਿਆ ਸਿਰ ਨੂੰ,
ਆਕੜ ਵਿੱਚ ਨਹੁੰ ਨਹੀਉਂ ਖੁੱਭਦਾ
ਭਰਿਆ ਨਾਲ਼ ਹੰਕਾਰਾਂ।

ਮੂਰਖਾਂ ਨਾਲ਼ ਪਾਲ਼ੀਆਂ ਸਾਂਝਾਂ
ਭਲਿਆਂ ਸੰਗ ਨਾ ਬੈਠੇ,
ਅੱਖ ਬਚਾ ਕੇ ਖਿਸਕ ਜਾਂਵਦਾ
ਹੋ ਜਾਏ ਨੌਂ-ਦੋ- ਗਿਆਰਾਂ।

ਅੱਜ-ਕੱਲ ਸੱਚ ਨੂੰ ਝੂਠ ਆਖਦਾ
ਅਸਲ ਤੋਂ ਕੋਹਾਂ ਦੂਰੀ,
ਕਿਹੜਾ ਜਾਦੂ ਸਿਰ ਤੇ ਭੁੱਕਿਆ
ਝੂਠ ਦੇ ਪੈਰੋਕਾਰਾਂ।

ਬੰਦਿਆਂ ਨੂੰ ਬੰਦੇ ਨਾ ਜਾਣੇ
ਪੜ੍ਹੀਆਂ ਕਿਹੜੀਆਂ ਪੜ੍ਹਤਾਂ,
ਸਮਾਜ 'ਚ ਵੰਡੀਆਂ ਪਾਈ ਜਾਵੇ
ਨਿੱਤ ਨਵੀਆਂ ਤਕਰਾਰਾਂ।

"ਵਖਤੁ ਵੀਚਾਰੇ ਸੁ ਬੰਦਾ ਹੋਇ"
ਰਹਿਬਰਾਂ ਦਾ ਸੱਚ ਕਹਿਣਾ,
'ਭੋਗਲ' ਕਾਲ਼ਿਉਂ ਚਿੱਟੇ ਹੋ ਗਏ
ਜਿਉਂ ਚਾਂਦੀ ਦੀਆਂ ਤਾਰਾਂ।




## ਗ਼ਲਤੀ

ਸੱਚ ਮੰਨੀ ਗ਼ਲਤੀ ਵੀ ਤੇਰੀ ਸੀ ਤੇ ਕਬੂਲਨਾਮਾ ਵੀ।
ਸਾਨੂੰ ਤੂੰ ਭੰਡ ਕੇ ਉਮੀਦ ਰਖੇ ਸਲਾਮਾ ਦੀ।

ਅਸੀਂ ਚੁਣਿਆ ਸੀ ਤੇਰੇ ਨਾਲ ਮਿਲ ਕੇ ਤੇਰੀਆਂ ਰਾਹਾਂ।
ਹੋਏ ਹਾਂ ਅੱਜ ਅੱਡ,ਨਹੀਂ ਚਾਹੀਦੀਆਂ ਹੁਣ ਤੇਰੀਆਂ ਸਾਨੂੰ ਸਲਾਹਾਂ।

ਰੱਖਦੇ ਹਾਂ ਕਹਿਣ ਵਿਚ ਸੱਚ ਨੂੰ ਪੂਰੀ ਬੇਬਾਕੀ।
ਨਹੀਂ ਲਾਉਂਦੇ ਜਜ਼ਬਾਤਾਂ ਦੇ ਨਾਲ ਖੇਡ ਕੇ ਕਿਸੇ ਦੀ ਨੁਮਾਇਸ਼ ਦੀ ਝਾਕੀ।

ਨਾ ਕਰੀ ਮੇਰੀ ਕਿਸੇ ਦੇ ਨਾਲ ਕਦੇ ਵੀ ਕੋਈ ਤੁਲਨਾ।
ਆਉਂਦਾ ਨਹੀਂ ਮੈਨੂੰ ਤੇਰੇ ਵਾਂਗ ਹਰ ਕਿਤੇ ਡੁਲਣਾ।

ਤੂੰ ਕਦੇ ਵੀ ਪੜ੍ਹ ਕੇ ਮੇਰੀ ਰਚਨਾ ਨੂੰ ਨਾ ਹੋਈ ਉਦਾਸ।
ਸੱਚ ਮੰਨੀ ਕਮਲੇ ਦਿੱਲ ਲਈ ਹੈ ਤੂੰ ਹਾਲੇ ਵੀ ਬਹੁਤ ਖ਼ਾਸ।




## ਸਾਹਾਂ ਦਾ ਫੇਰਾ

ਨਾ ਤੂੰ ਮੇਰਾ
ਤੇ
ਨਾ ਮੈਂ ਤੇਰਾ
ਇਹ ਤਾਂ ਹੈ
ਸਾਹਾਂ ਦਾ ਫੇਰਾ
ਜੇ
ਸਾਹ ਹੈ
ਤਾਂ
ਤੂੰ ਹੈ ਮੇਰਾ
ਜਾਂ
ਮੈਂ ਹਾਂ ਤੇਰਾ
ਨਹੀਂ ਤਾਂ ਬੱਸ
ਯਾਦਾਂ ਦਾ ਘੇਰਾ
ਇਕ ਘੁੱਪ ਹਨੇਰਾ......
ਨਾਸ਼ਵਾਨ!
ਤੂੰ ਖ਼ਾਕ ਹੋਵਣਾ
ਘੜੀ - ਕੁ - ਪਲ
ਤੈਨੂੰ ਸਭ ਰੋਵਣਾ
ਓੜਕ ਭੁੱਲੂਗਾ
ਫਿਰ ਚੇਤਾ ਤੇਰਾ
ਕੀ ਰੰਗ
ਤੇ
ਕੀ ਰੂਪ ਸੀ ਤੇਰਾ??....

ਪਲ ਭਰ
ਵਿਛੋੜਾ ਜਰ ਦਾ ਨਾ ਤੂੰ
ਜਿਦ੍ਹੂੰ ਬਗੈਰ
ਹੁਣ ਮਰਦਾ ਨਾ ਤੂੰ
ਉਹੀਓ ਖਾਊ
ਤੈਥੋਂ ਖ਼ੌਫ਼ ਵਧੇਰਾ
ਜਦ ਆਖੇਗਾ ਤੂੰ
ਮੈਂ ਹਾਂ ਤੇਰਾ
ਮੈਂ ਹਾਂ ਤੇਰਾ.....
ਸ਼ੁਹਰਤ ਭੁੱਖਾ
ਲੋਭੀ ਹੰਕਾਰੀ
ਖਾਂਏਗਾ ਆਖਰ
ਸੱਟ ਕਰਾਰੀ
ਡਿੱਬੂ ਦੱਸ ਵੇ
ਹੈ ਕੀ ਤੇਰਾ??
ਨਾ ਕਰ ਕਮਲੇ
ਮੇਰਾ - ਮੇਰਾ
ਨਾ ਤੂੰ ਮੇਰਾ
ਤੇ
ਨਾ ਮੈਂ ਤੇਰਾ
ਇਹ ਤਾਂ ਹੈ
ਸਾਹਾਂ ਦਾ ਫੇਰਾ








ਆਪਣੀਆਂ ਰਚਨਾਵਾਂ ਨੂੰ ਛਪਵਾਉਣ ਲਈ ਹੇਠਾਂ ਦਿੱਤੇ ਗਏ ਨੰਬਰਾਂ ਤੇ ਸੰਪਰਕ ਕਰੋ।

" ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ। ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸਬੰਧਿਤ ਲੇਖਕ ਹੀ ਜ਼ਿੰਮੇਵਾਰ ਹੋਵੇਗਾ , ਅਦਾਰਾ ਜਾਂ ਸੰਪਾਦਕ ਮੰਡਲ ਨਹੀਂ। "

E-mail:- adbivirsat@gmail.com

WHATSAPP NUMBER :- 89689 - 33711 , 98720 - 79212





# ਅਦਬੀ ਵਿਰਾਸਤ



ਅੰਕ 06 , ਸਥਾਪਨਾ -ਦਸੂਹਾ, 05/07/2026 ਦਿਨ ਐਤਵਾਰ (ਨਾਨਕਸ਼ਾਹੀ ਸੰਮਤ 21 ਹਾੜ 558)adbivirsat@gmail.com

## ਗ਼ਜ਼ਲ

ਵੇਖ ਤੇਰੇ ਸ਼ਹਿਰ ਨੂੰ ਸਲਾਮ ਕਰਨ ਆਏ ਹਾਂ।
ਸੋਚੀਂ ਨਾ ਕਿ ਤੈਨੂੰ ਬਦਨਾਮ ਕਰਨ ਆਏ ਹਾਂ।

ਚਿਰਾਂ ਤੋਂ ਹੀ ਵੇਖ ਲੈ ਮੈਂ ਤਾਂ ਚੁੱਪਚਾਪ ਸਾਂ
ਇਵੇਂ ਚੁੱਪ ਰਹਿਣ ਦੀ ਜ਼ੁਬਾਨ ਕਰਨ ਆਏ ਹਾਂ।

ਉਂਝ ਤੇਰੇ ਸ਼ਹਿਰ 'ਚ ਮੇਰਾ ਭਾਵੇਂ ਕੁਝ ਨਹੀਂ
ਅੱਜ ਏਸੇ ਗੱਲ ਦਾ ਤਾਂ ਮਾਣ ਕਰਨ ਆਏ ਹਾਂ।

ਪਲਕਾਂ 'ਚ ਹੰਝੂਆਂ ਨੂੰ ਮੈਂ ਤਾਂ ਸਦਾ ਰੋਕਿਆ
ਤੇਰੀ ਤਾਂ ਨਜ਼ਰ ਮੁਸਕਾਨ ਕਰਨ ਆਏ ਹਾਂ।

ਖੁਸ਼ੀਆਂ ਦੇ ਵੰਡੇ ਤੁਸੀਂ ਹੋ ਗ਼ਮ ਵੇਚਦੇ
ਫਿਰ ਤੇਰੀ ਗਲੀ 'ਚ ਦੁਕਾਨ ਕਰਨ ਆਏ ਹਾਂ।




## ਆਪਣਿਆਂ ਦੀ ਯਾਦ

ਪਤਾ ਨਹੀਂ ਕਿੱਥੇ ਤੁਰ ਜਾਂਦੀਆਂ ਨੇ,
ਉਹ ਪਿਆਰੀਆਂ ਸੂਰਤਾਂ।
ਕਰੀਏ ਜਿੰਨਾਂ ਨੂੰ ਯਾਦ ਵੇਖ ਕੇ,
ਟੰਗੀਆਂ ਉਹਨਾਂ ਦੀਆਂ ਮੂਰਤਾਂ।
ਹਰ ਮੇਲੇ ਹਰ ਦਿਨ ਤਿਉਹਾਰ ਨੂੰ,
ਭਾਸੇ ਉਹਨਾਂ ਦੀਆਂ ਜ਼ਰੂਰਤਾਂ।
ਉਹਨਾਂ ਦੀ ਗੈਰ ਹਾਜ਼ਰੀ 'ਚ,
ਕਰੀਏ ਸਾਰੇ ਸ਼ੁਭ ਮਹੂਰਤ।
ਫਿਰ ਨਾ ਵੇਖੇ ਪਰਤਦੇ,
ਜੋ ਛੱਡ ਗਏ ਸਾਡਾ ਸਾਥ।
ਪਤਾ ਨਹੀਂ ਕਿਹੜੀ ਭੀੜ 'ਚ,
ਫਿਰ ਜਾਂਦੇ ਉਹ ਗੁਵਾਚ।
ਚਾਰ ਦਿਨਾਂ ਦਾ ਰੋਣ ਕੁਰਲਾਉਣ,
ਫਿਰ ਉਹੋ ਧੰਦੇ ਕੰਮ-ਕਾਰ।
ਨਿੱਕਲੇ ਆਏ ਧੁੰਦਾਂ ਤੋਂ ਏਦਾਂ ਹੀ,
ਜ਼ਿੰਦਗੀ ਦੇ ਸਰੋਕਾਰ।
ਇਹੋ ਸਫ਼ਰ ਹੈ ਜ਼ਿੰਦਗੀ ਦਾ,
ਜੋ ਹਰ ਕੁਝ ਵੇਖੇ ਗੁਜ਼ਾਰੇ।
ਭਾਵੇਂ ਜੀਊਂਦੇ ਜੀ ਰਹਿਣ ਨਹੀਂ,
ਹੋਵਣ ਲੱਖ ਚੁਬਾਰੇ।
ਮੌਤ ਰਾਣੀ ਦੇ ਦਰ 'ਤੇ,
ਸਾਰੇ ਇੱਕ ਸਮਾਨ।
ਰਾਜੇ ਰੰਕ ਵੀ ਮੌਤ ਦੇ ਅੱਗੇ,
ਸਾਹਾਂ ਦੀ ਬਾਜ਼ੀ ਹਾਰੇ।
'ਚੰਦੀ' ਕੰਮ ਕਰ ਐਸੇ ਨੇਕੀਆਂ ਦੇ,
ਜੱਗ ਕਰੇ ਤੇਰੇ 'ਤੇ ਮਾਣ।
ਸ਼ਾਇਦ ਫਿਰ ਤੇਰੀ ਰੂਹ ਹੋ ਜਾਵੇ,
ਸਤਿਗੁਰੂ ਦੇ ਦਰ ਪਰਵਾਣ।




## ਹੰਕਾਰ ਤੇ ਸੰਸਕਾਰ

ਸਾਂਭ ਲੈ ਮਾਪਿਆਂ ਦੇ ਦਿੱਤੇ ਸੰਸਕਾਰ ਵੇ,
ਇਹੀ ਨੇ ਜੀਵਨ ਦਾ ਸੱਚਾ ਸ਼ਿੰਗਾਰ ਵੇ।
ਤਿਆਗ ਦੇ ਬੇਈਮਾਨੀ, ਲਾਲਚ, ਹੰਕਾਰ ਨੂੰ,
ਨਾਲ ਨਹੀਂ ਜਾਣਾ ਤੇਰੇ ਲੱਖ ਹਜ਼ਾਰ ਓਏ।
ਐਵੇਂ ਨਾ ਮਨਾਂ ਤੂੰ ਕਰ ਹੰਕਾਰ ਓਏ।

ਜੋ ਝੁਕਦਾ, ਉਹੀ ਮਾਣ ਪਾਉਂਦਾ ਏ।
ਮੋਹ ਪਿਆਰ ਸਭ ਨਾਲ ਵੰਡਾਉਂਦਾ ਏ।
ਦਿਲ ਵਿੱਚ ਵਸਾ ਕੇ ਨਿਮਰਤਾ ਤੇ ਸਾਦਗੀ ,
ਕਰ ਲੈ ਨਸੀਬ ਰੱਬ ਦਾ ਪਿਆਰ ਓਏ।
ਐਵੇਂ ਨਾ ਮਨਾਂ ਤੂੰ ਕਰ ਹੰਕਾਰ ਓਏ।

ਚਾਰ ਦਿਨਾਂ ਦਾ ਜ਼ਿੰਦਗੀ ਦਾ ਮੇਲਾ ਏ,
ਪਤਾ ਨਹੀਂ ਕਦੋਂ ਮੁੱਕ ਜਾਣਾ ਹਰ ਝਮੇਲਾ ਏ।
ਨਬਜ਼ ਰੁਕੀ ਤਾਂ ਨਾਲ ਕੁਝ ਵੀ ਨਹੀਂ ਜਾਣਾ,
ਰਹਿ ਜਾਣਾ ਇੱਥੇ ਹੀ ਤੇਰਾ ਘਰ-ਬਾਰ ਓਏ।
ਐਵੇਂ ਨਾ ਮਨਾਂ ਤੂੰ ਕਰ ਹੰਕਾਰ ਓਏ।

ਨੇਕੀ ਦੇ ਧਾਗਿਆਂ ਦਾ ਆਲ੍ਹਣਾ ਬੁਣ ਲੈ,
ਚੰਗਿਆਈ ਵਾਲਾ ਰਾਹ ਸੁਥਰਾ ਜਿਹਾ ਚੁਣ ਲੈ।
ਨਿਆਸਰਿਆਂ ਦਾ ਬਣ ਜਾ ਤੂੰ ਆਸਰਾ,
ਇਹੀ ਹੈ ਜੀਵਨ ਦਾ ਸੱਚਾ ਸਾਰ ਓਏ।
ਐਵੇਂ ਨਾ ਮਨਾਂ ਤੂੰ ਕਰ ਹੰਕਾਰ ਓਏ।

ਕਾਮ,ਕ੍ਰੋਧ, ਲਾਲਚ ਤੋਂ ਖਹਿੜਾ ਛੁਡਾ ਲੈ,
ਸੱਚ ਤੇ ਸਬਰ ਨੂੰ ਰੂਹ ਵਿੱਚ ਵਸਾ ਲੈ।
ਰੱਬ ਦੇ ਰੰਗ ਵਿੱਚ ਰੰਗਿਆ ਰਹਿ ਹਰ ਪਲ,
ਹੋ ਜਾਣਾ ਫਿਰ ਜੀਵਨ ਦਾ ਬੇੜਾ ਪਾਰ ਓਏ।
ਐਵੇਂ ਨਾ ਮਨਾਂ ਤੂੰ ਕਰ ਹੰਕਾਰ ਓਏ।

ਮਨ ਦੇ ਅੰਦਰ ਬਾਹਰ ਝਾਤੀ ਮਾਰ ਲੈ,
ਮਾਪਿਆਂ ਦੇ ਦਿੱਤੇ ਸੰਸਕਾਰ ਵਿਚਾਰ ਲੈ।
ਸਾਂਭ ਲੈ ਧਰਤੀ, ਪਾਣੀ ਤੇ ਬਜ਼ੁਰਗਾਂ ਨੂੰ
ਮੋਹ ਤਿਓ ਦਾ ਰੱਖ ਆਚਾਰ ਵਿਹਾਰ ਓਏ।
ਐਵੇਂ ਨਾ ਮਨਾਂ ਕਰ ਤੂੰ ਹੰਕਾਰ ਓਏ।




## ਸ਼ਹਿਰ ਮੁੱਕੇ ਤਾਂ ਸੁਰ ਜਾਗੀ

[illegible]




## ਵਕਤ ਦੀ ਚਪੇਟ

ਘਰ ਦੀ ਨਿੱਤ ਵਰਤੋਂ ਦਾ ਸਾਮਾਨ ਖਰੀਦਣ ਪਿੱਛੋਂ ਜਦ ਮੈਂ ਸ਼ਹਿਰ ਸਵੀਟ ਸ਼ਾਪ ਮਾਹਿਲਪੁਰ ਤੋਂ ਬੱਚਿਆਂ ਲਈ ਮਠਿਆਈ ਦਾ ਡੱਬਾ ਲੈ ਕੇ ਪਿੱਛੇ ਮੁੜਿਆ, ਤਾਂ ਮੈਂ ਦੇਖਿਆ, ਇੱਕ ਔਰਤ ਮਠਿਆਈ ਲੈਣ ਲਈ ਸ਼ਾਪ ਵਿੱਚ ਦਾਖਲ ਹੋ ਰਹੀ ਸੀ। ਉਹ ਔਰਤ ਮੈਡਮ ਕਰਮਜੀਤ ਸੀ, ਜੋ ਦਸ ਸਾਲ ਪਹਿਲਾਂ ਮੇਰੇ ਨਾਲ ਸਰਕਾਰੀ ਹਾਈ ਸਕੂਲ ਪੋਸੀਵਾਲ ਪੜ੍ਹਾਉਂਦੀ ਸੀ। ਕੁੱਝ ਸਮੇਂ ਬਾਅਦ ਮੈਂ ਬਦਲੀ ਕਰਵਾ ਕੇ ਆਪਣੇ ਪਿੰਡ ਦੇ ਸਰਕਾਰੀ ਹਾਈ ਸਕੂਲ ਆ ਗਿਆ ਸਾਂ। ਉੱਥੇ ਉਸ ਨੇ ਆਪਣੇ ਸਕੂਲ ਦੇ ਕਲਰਕ ਪਰਮਿੰਦਰ ਸਿੰਘ ਨਾਲ ਅੰਤਰ ਜਾਤੀ ਵਿਆਹ ਕਰਵਾ ਲਿਆ ਸੀ। ਭਾਵੇਂ ਕਲਰਕ ਪਰਮਿੰਦਰ ਸਿੰਘ ਦਾ ਰੰਗ ਗੋਰਾ ਸੀ, ਪਰ ਉਹ ਰੱਜ ਕੇ ਸ਼ਰਾਬ ਪੀਣ ਵਾਲਾ, ਹੇਰਾਫੇਰੀ ਕਰਨ ਵਾਲਾ ਤੇ ਚੌਧ, ਖੋਟ ਫੈਲਣ ਵਾਲਾ ਬੰਦਾ ਸੀ। ਮੈਨੂੰ ਵੇਖ ਕੇ ਮੈਡਮ ਕਰਮਜੀਤ ਨੇ ਆਪਣਾ ਸਿਰ ਸਤਿਕਾਰ ਵਜੋਂ ਝੁਕਾਇਆ। ਮੇਰੇ ਹਾਲ ਪੁੱਛਣ ਤੇ ਉਸ ਨੇ ਦੱਸਿਆ," ਵਿਆਹ ਤੋਂ ਛੇ ਸਾਲ ਬਾਅਦ ਮੇਰੇ ਪਤੀ ਦੀ ਜ਼ਿਆਦਾ ਸ਼ਰਾਬ ਪੀਣ ਨਾਲ ਮੌਤ ਹੋ ਗਈ ਸੀ। ਇੱਕ ਬੇਟੀ ਹੋਈ ਸੀ, ਉਹ ਵੀ ਰੱਬ ਨੇ ਖੋਹ ਲਈ। ਹੁਣ ਮੈਂ ਘਰ ਵਿੱਚ ਕੱਲੀ ਰਹਿੰਦੀ ਆਂ। ਵਿਆਹ ਕਰਵਾਣ ਦਾ ਸੁਆਦ ਨ੍ਹੀਂ ਆਇਆ। ਉਸ ਵੇਲੇ ਜਜ਼ਬਾਤੀ ਹੋ ਕੇ ਮੈਂ ਪਰਮਿੰਦਰ ਨਾਲ ਵਿਆਹ ਕਰਵਾਣ ਦਾ ਫੈਸਲਾ ਕਰ ਲਿਆ ਸੀ। ਹੁਣ ਪਤਾ ਲੱਗਦਾ, ਮੇਰਾ ਫੈਸਲਾ ਕਿੰਨਾ ਗਲਤ ਸੀ। ਮੈਂ ਤੁਹਾਡੀ ਵਿਆਹ ਦੀ ਪਰਪੋਜ਼ਲ ਨਾ ਮੰਨ ਕੇ ਆਪਣੇ ਪੈਰੀਂ ਆਪ ਕੁਹਾੜਾ ਮਾਰਿਆ ਸੀ। ਹੁਣ ਵਕਤ ਦੀ ਚਪੇਟ ਨੇ ਮੈਨੂੰ ਆਪਣੀ ਗਲਤੀ ਦਾ ਅਹਿਸਾਸ ਕਰਵਾ ਦਿੱਤਾ ਆ। ਜੇ ਹੋ ਸਕੇ, ਤਾਂ ਮੈਨੂੰ ਮਾਫ਼ ਕਰ ਦਿਉ। ਮਈ ਦਿਵਸ ਦੀ ਛੁੱਟੀ ਹੋਣ ਕਾਰਨ ਇੱਥੇ ਮੈਂ ਆਪਣੀ ਭੈਣ ਨੂੰ ਮਿਲਣ ਆਈ ਆਂ। ਉਸ ਨਾਲ ਚਾਰ ਗੱਲਾਂ ਕਰਕੇ ਦਿਲ ਦਾ ਭਾਰ ਹੌਲਾ ਹੋ ਜਾਊਗਾ।" ਇਹ ਗੱਲਾਂ ਕਰਦੀ ਉਹ ਬੜੀ ਭਾਵੁਕ ਹੋ ਗਈ ਸੀ। ਫਿਰ ਉਹ ਆਪਣੇ ਆਪ ਨੂੰ ਸੰਭਾਲ ਕੇ , ਸ਼ਾਪ ਤੋਂ ਮਠਿਆਈ ਦਾ ਡੱਬਾ ਲੈ ਕੇ, ਮੈਨੂੰ ਬੁਲਾ ਕੇ ਆਪਣੀ ਭੈਣ ਦੇ ਘਰ ਜਾਣ ਲਈ ਸਕੂਟਰੀ ਸਟਾਰਟ ਕਰਕੇ ਤੁਰ ਪਈ।




## ਏ ਆਈ

ਨੀ ਏ ਆਈ ਏ ਆਈ
ਦੱਸ ਤੂੰ ਕਿੱਥੇ ਆਈ।
ਤੇਰੇ ਤੋਂ ਜਾਂਦੇ ਬਹੁਤੇ
ਰਚਨਾਵਾਂ ਨੇ ਲਿਖਾਈ।
ਨਾ ਸਿਰ ਨਾ ਪੈਰ ਹੁੰਦੇ
ਕੋਈ ਕਲਮ ਅਜ਼ਮਾਈ।
ਇਕ ਦੂਜੇ ਤੋਂ ਜਾਂਦੇ ਨੇ,
ਵਾਹ ਵਾਹ ਜੀ ਕਰਵਾਈ।
ਕੋਈ ਕਿਸੇ ਨੂੰ ਟੋਕ ਕੇ,
ਨਾ ਲਵੇ ਮੁੱਲ ਲੜਾਈ।
ਪਰ ਉਹ ਗੱਲ ਨਾ ਬਣਦੀ,
ਓ ਯਾਰੋ ਛੋਟੇ ਭਾਈ।
ਕਮਾਂਡ ਦਿੱਤਾਂ ਵਰਗੀ ਜੀ,
ਰਚਨਾ ਹੁੰਦੀ ਖੁਦ ਜਾਈ।
ਨਕਲ ਅਸਲ ਦਾ ਫ਼ਰਕ ਬੜਾ,
ਫੜੀ ਜਾਂਦੀ ਐ ਚੁਤਰਾਈ।
ਖੁਦ ਲਿਖੋ ਤੇ ਨਾਮ ਕਮਾਓ,
ਏ ਆਈ ਦੀ ਸਾਂਝ ਪਰਾਈ।
ਵਜ਼ਨ ਬਹਿਰ ਕਾਫ਼ੀਆ ਉਠੇ,
ਆਖਣ ਗ਼ਜ਼ਲ ,ਗੀਤ, ਰੁਬਾਈ।
ਮੁੱਲ ਪਵੇ ਸੱਚ ਦਾ ਰੌਤੇ,
ਛੱਡ ਲਿਖਣੀ ਝੂਠ ਕਮਾਈ।।




## ਕਿਸਮਤ ਦੇ ਰੰਗ

ਕਿਸਮਤ ਦੇ ਰੰਗ ਨਿਰਾਲੇ ,ਆਖਣ ਸੰਤ ਸਿਆਣੇ।
ਕਿਸਮਤ ਦੇ ਕੀ ਫ਼ੈਸਲੇ, ਉੱਪਰ ਵਾਲਾ ਹੀ ਜਾਣੇ।

ਇੱਕੋ ਕੁੱਖੋਂ ਜੰਮਿਆ ਦੇ ਹੁੰਦੇ, ਵੱਖੋ-ਵੱਖਰੇ ਟਿਕਾਣੇ।
ਕੋਈ ਖਾਵੇ ਚੌਲ-ਮੁਰਗੀਆਂ ,ਕਿਸੇ ਦੇ ਘਰ ਮੁੱਕੇ ਦਾਣੇ।

ਕੋਈ ਜ਼ਿੰਦਗੀ ਨੂੰ ਢੋਂਦਾ, ਕੋਈ ਜ਼ਿੰਦਗੀ ਦੇ ਰੰਗ ਮਾਣੇ।
ਔਖੇ ਵਕਤ ਮੋੜਨੇ ਪੈਂਦੇ, ਉਸ ਮਾਲਕ ਦੇ ਭਾਣੇ।

ਕੋਈ ਮਾਮਲੀ ਲੀੜੇ ਪਹਿਨੇ, ਕੋਈ ਪਾਟੇ ਬੀਣੇ ਹੰਢਾਏ
ਕੋਈ ਮੰਗੇ ਭੀਖ ਉਮਰ ਭਰ, ਕੋਈ ਸਿਰਾਂ 'ਤੇ ਤਾਜ ਸਜਾਏ।

ਕੋਈ ਹੰਝੂਆਂ ਵਿੱਚ ਉਮਰ ਗੁਜ਼ਾਰੇ, ਕੋਈ ਨੱਚੇ ਝੂਮੇ ਗਾਏ,
ਕੋਈ ਮਹਿਲਾਂ ਵਿੱਚ ਵਸਦਾ, ਕੋਈ ਤਾਰਿਆਂ ਛਾਵੇਂ ਡੇਰੇ ਲਾਏ।

ਸੌਖਾ ਕਲੇਰ ਓਹੀ ਜੱਗ ਤੇ, ਜੋ ਰੱਬ ਦਾ ਸ਼ੁਕਰ ਮਨਾਏ।
ਕਰ ਕੇ ਉਸਦਾ ਸ਼ੁਕਰਾਨਾ,ਹੱਕ ਦੀ ਰੁੱਖੀ ਮਿਸੀ ਖਾਏ।




## ਰਿਸ਼ਤੇ

ਰਿਸ਼ਤੇ ਫੁੱਲਾਂ ਵਾਂਗ ਨਿਭਾਉਣੇ ਚਾਹੀਦੇ।
ਖੁਸ਼ਬੂ ਵਾਂਗੂ ਸਦਾ ਖਿੰਡਾਉਣੇ ਚਾਹੀਦੇ।।

ਰਿਸ਼ਤਿਆਂ ਵਿੱਚ ਸਵਾਰਥ ਹੁੰਦਾ ਖਾਰ ਜਿਹਾ।
ਬੁਰੀ ਬੁਲਾਵਟ ਹੁੰਦਾ ਇਹ ਹੰਕਾਰ ਜਿਹਾ।

ਰਿਸ਼ਤਿਆਂ ਵਿੱਚ ਬਣਾਵਟ ਦਰਦ ਵਧਾਉਂਦੀ
ਹੈ।
ਕਦੋਂ ਕਾਗਜ਼ੀ ਫੁੱਲ ਚੋਂ ਖੁਸ਼ਬੋ ਆਉਂਦੀ ਹੈ?

ਸਮੇਂ ਨਾਲ ਕਈ ਰਿਸ਼ਤੇ ਧੂੜ 'ਚ ਦੱਬ ਜਾਂਦੇ।
ਪਰ ਕਈ ਨਵੇਂ ਨਵੇਲੇ ਰਿਸ਼ਤੇ ਲੱਭ ਜਾਂਦੇ।।

ਜ਼ਿੰਦਗੀ ਬੇਸ਼ੱਕ ਇੱਕੋ ਪਰ ਇਹ ਸੁੰਦਰ ਹੈ।
ਇਹ ਖੁਦਾ ਦਾ ਰੂਪ ਹੈ ਮਸਜਿਦ, ਮੰਦਰ ਹੈ।

ਰਿਸ਼ਤਿਆਂ ਦੇ ਸੰਗ ਜ਼ਿੰਦਗੀ ਸਦਾ ਮਹਿਕਦੀ ਹੈ।
ਬਹੁਤੇ ਹਨ ਰਿਸ਼ਤੇ ਜ਼ਿੰਦਗੀ ਟਹਿਕਦੀ ਹੈ।

ਰਿਸ਼ਤਿਆਂ ਬਿਨ ਵੀ ਜੀਣਾ ਦੁੱਖ ਸਮਾਨਾਂ ਦੇ।
ਪਿਆਰ ਵਿਹੂਣੀ ਜ਼ਿੰਦਗੀ ਦੁੱਖ ਸਮਾਨਾਂ ਦੇ।

ਆਓ ਰਿਸ਼ਤੇ ਰੱਖਣੇ ਸਿੱਖੀਏ ਯਾਰ ਮੇਰੇ।
ਹਾਸੇ,ਖੁਸ਼ੀਆਂ, ਵੰਡਣੇ ਸਿੱਖੀਏ ਯਾਰ ਮੇਰੇ।

ਮੋਹ ਦੇ ਦੀਵੇ ਨਹੀਂ ਬੁਝਾਉਣੇ ਚਾਹੀਦੇ।
ਰਿਸ਼ਤੇ ਫੁੱਲਾਂ ਵਾਂਗ ਨਿਭਾਉਣੇ ਚਾਹੀਦੇ।




## ਬਾਪੂ

ਫ਼ਿਕਰਾਂ ਦੇ ਵਿੱਚ ਰਾਤ ਬਿਤਾਵੇ,
ਸੱਧਰਾਂ ਆਪਣਿਆਂ ਨੂੰ ਦਫ਼ਨਾ ਕੇ।
ਤਰਲੇ ਰੱਬ ਦਾ ਨਾਮ ਲਿਆ ਕੇ,
ਦਾਨ ਨਾਲ ਜਿੰਦੀ ਰੋਟੀ ਖਾ ਕੇ।
ਬਾਪੂ ਕੰਮ ਤੇ ਤੁਰ ਪਿਆ ਏ।
ਬਾਪੂ ਕੰਮ ਤੇ ਤੁਰ ਪਿਆ ਏ।

ਘਰ ਦਾ ਖਰਚਾ ਕਿਵੇਂ ਚਲਾਉਣਾ,
ਕਰਿਆਨਾ ਵੀ ਲੈਕੇ ਆਉਣਾ।
ਬੱਚਿਆਂ ਤਾਈਂ ਖੁਸ਼ ਪਰਤਾਉਣਾ,
ਜ਼ਿੰਦਗੀ ਦੇ ਵਿੱਚ ਸਫ਼ਲ ਬਣਾਉਣਾ।
ਪਰਬਤ ਜੇਡ ਵੀ ਖੁਰ ਗਿਆ ਏ।
ਬਾਪੂ ਕੰਮ ਤੇ ਤੁਰ ਪਿਆ ਏ।

ਕਿੰਨੇ ਪੈਸੇ ਕਿਸਤਾਂ ਲੈਕੇ ,
ਕਿੰਨੇ ਪੈਸੇ ਕਿਸਨੂੰ ਦੇਣੇ,
ਮਾਲਿਕ ਕੋਲੋਂ ਪੈਸੇ ਮੰਗਣੇ,
ਕਿਸਦੇ ਕੂਣੇ ਪੈਣੇ ਮੋੜਨੇ।
ਇੰਝ ਹਿਸਾਬਾਂ ਜੁੜ ਗਿਆ ਏ।
ਬਾਪੂ ਕੰਮ ਤੇ ਤੁਰ ਪਿਆ ਏ।

ਗੁਰਬਤ ਕਿਵੇਂ ਤੇ ਆਵੇ ਨਾ,
ਕਿਸੇ ਦੀ ਪੈੜ ਭੁਲਾਵੇ ਨਾ।
ਜੋ ਕਿਰਤਨ ਦਾ ਮੁੱਲ ਪਾਵੇ ਨਾ,
ਐਸਾ ਬੰਦਾ ਰੱਬ ਮਿਲਾਵੇ ਨਾ।
ਸੋਚ ਸੋਚ ਕੇ ਤੁਰ ਰਿਹਾ ਏ।
ਬਾਪੂ ਕੰਮ ਤੇ ਤੁਰ ਪਿਆ ਏ।

ਆਪਣੇ ਤਨ ਤੋਂ ਕੱਪੜੇ ਲਾਹ ਕੇ,
ਬੱਚਿਆਂ ਨੂੰ ਉਹ ਦੇਵੇ ਲਿਆ ਕੇ।
ਝੂਠੀ ਮੂਠੀ ਮੌਜ ਪੁਗਾ ਕੇ,
ਮੈਂ ਜਾਂਦਾ ਉਹ ਔਖੀ ਖਾ ਕੇ।
ਬੱਚਿਆਂ ਲਈ ਖੁਦ ਖੁਰ ਰਿਹਾ ਏ।
ਬਾਪੂ ਕੰਮ ਤੇ ਤੁਰ ਪਿਆ ਏ।

ਰੱਬਾ ਸੁਣ ਲੈ ਅਰਜ਼ ਤੂੰ ਮੇਰੀ,
ਬਾਪੂ ਦੀ ਕਰੀਂ ਉਮਰ ਲੰਮੇਰੀ।
ਰਾਜੇ ਕਰੀਂ ਨਾ ਦੇਰਾ ਦੇਰੀ,
ਦੁੱਖਾਂ ਦੀ ਨਾ ਆਵੇ ਨ੍ਹੇਰੀ।
ਸੋਚਾਂ ਦੇ ਵਿੱਚ ਖੁਰ ਗਿਆ ਏ।
ਬਾਪੂ ਕੰਮ ਤੇ ਤੁਰ ਪਿਆ ਏ।








ਆਪਣੀਆਂ ਰਚਨਾਵਾਂ ਨੂੰ ਛਪਵਾਉਣ ਲਈ ਹੇਠਾਂ ਦਿੱਤੇ ਗਏ ਨੰਬਰਾਂ ਤੇ ਸੰਪਰਕ ਕਰੋ।

" ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ । ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸਬੰਧਿਤ ਲੇਖਕ ਹੀ ਜ਼ਿੰਮੇਵਾਰ ਹੋਵੇਗਾ , ਅਦਾਰਾ ਜਾਂ ਸੰਪਾਦਕ ਮੰਡਲ ਨਹੀਂ। "

E-mail:- adbivirsat@gmail.com

WHATSAPP NUMBER :- 89689 - 33711 , 98720 - 79212



# ਅਦਬੀ ਵਿਰਾਸਤ

ਅੰਕ 06 , ਸਥਾਪਨਾ -ਦਸੂਹਾ, 05/07/2026 ਦਿਨ ਐਤਵਾਰ (ਨਾਨਕਸ਼ਾਹੀ ਸੰਮਤ 21 ਹਾੜ 558)adbivirsat@gmail.com

## ਟੌਹਰ ਜਾਂ ਮੌਜਾਂ

ਦਿਲ ਕੀਤਾ ਅੱਗ ਲਾ ਕੇ ਸਭ ਕੁੱਝ ਸਾੜ ਦਿੱਤਾ।
ਆਸ ਮੁਰਾਦਾਂ ਵਾਲਾਂ ਵਰਕਾ ਪਾੜ ਦਿੱਤਾ।

ਮੈਂ ਮੇਰੀ ਹੰਕਾਰ ਨੂੰ ਸੁੱਟ ਕੇ ਡੂੰਘੇ ਖੂਹ,
ਇਸ਼ਕ ਮੁਸ਼ਕ ਦੀ ਭਾਵਨਾ ਤਾਈਂ ਉਜਾੜ ਦਿੱਤਾ।

ਖ਼ੁਦ ਨੂੰ ਭੁੱਲ ਹੁਣ ਜਿਉਣਾ ਮਿੱਥਿਆ ਦੂਜਿਆਂ ਲਈ,
ਮਾਣ ਸ਼ੁਹਰਤਾਂ ਸਭ ਕੁੱਝ ਖੂੰਜੇ ਵਾੜ ਦਿੱਤਾ।

ਹੁੱਬਿਆ ਰਹਿਣਾ ਹਉਮੈਂ ਵਿੱਚ ਗੱਲ ਠੀਕ ਨਹੀਂ,
ਸਭ ਨੂੰ ਗਿੱਚੀਓਂ ਪਕੜ ਸੰਦੂਕ 'ਚ ਤਾੜ ਦਿੱਤਾ।

ਟੌਹਰ ਤੇ ਮੌਜਾਂ ਭਰੀਆਂ ਸ਼ੋਖ ਹਵਾਵਾਂ ਨੂੰ,
ਦਿਲ 'ਚੋਂ ਕੱਢਕੇ ਅੰਬਰੀਂ ਆਪਾਂ ਚਾੜ੍ਹ ਦਿੱਤਾ।

ਪੱਟ ਦਿੱਤੀ ਜੜ੍ਹ ਦੂਈ ਦਵੈਤਾਂ ਨਫ਼ਰਤ ਦੀ,
ਵੈਰ ਈਰਖਾ ਨੂੰ ਵੀ ਦਿਲੋਂ ਵਿਸਾਰ ਦਿੱਤਾ।

ਤਨ ਮਨ ਕੀਤਾ ਸ਼ੁੱਧ ਓਸ ਦੀ ਰਹਿਮਤ ਨੇ,
ਕਾੜ੍ਹਨੀ ਪਾ ਕੇ ਦੁੱਧ ਵਾਂਗੂੰ ਉਸ ਕਾੜ੍ਹ ਦਿੱਤਾ।

ਤਿਆਗ-ਭਾਵਨਾ ਪਿਆਰ ਵਸਾ ਲਿਆ ਦਿਲ ਅੰਦਰ,
ਲੋਕੀਂ ਆਖਣ ਸਭ ਕੁੱਝ 'ਲੱਖੇ' ਵਿਗਾੜ ਦਿੱਤਾ।




## ਦਿਲ ਦਾ ਮਹਿਰਮ

ਭਾਵੇਂ ਲੱਖ ਘੁੰਗਰੂ ਤੇ ਟੱਲੀਆਂ ਦੇਣ ਪਏ ਝਨਕਾਰ।

ਪਰ ਇੱਕ ਝਾਂਜਰ ਯਾਰ ਦੀ ਮੈਂਨੂੰ ਉਹਦੇ ਨਾਲ ਪਿਆਰ।

ਲੱਖ ਰੀਝਾਂ ਮੌਲਣ ਮੇਰੀਆਂ ਦਿਲ ਹੋਵੇ ਸ਼ਾਰ ਸ਼ਾਰ।

ਜਦੋਂ ਨੱਚੇ ਮੇਰਾ ਮਹਿਰਮ ਦਿਲਾਂ ਦਾ ਭੋਂ 'ਤੇ ਅੱਡੀ ਮਾਰ।

ਮੈਂ ਉਡੀਕਾਂ ਯਾਰ ਨੂੰ ਦੋਵੇਂ ਬਾਹੀਂ ਖਿਲਾਰ।

ਪਲਕਾਂ ਨਾਲ ਮੈਂ ਆਪਣੀਆਂ ਦੇਵਾਂ ਉਹਦੀ ਰਾਹ ਬੁਹਾਰ।

ਇਸੇ ਝਾਂਜਰ ਨੂੰ ਸੁਣ ਕੇ ਆਇਆ ਸ਼ਾਹ ਇਨਾਇਤ ਬਾਹਰ।

ਹੱਸ ਕੇ ਗਲੇ ਲਗਾਇਆ ਬੁੱਲੇ ਨੂੰ ਆਪਣੀਆਂ ਬਾਹਾਂ ਪਸਾਰ।

ਕਹੇ 'ਚੰਦੀ' ਵਿੱਛੜੀ 'ਪ੍ਰੇਮ' ਨੂੰ ਮੈਂਨੂੰ ਮਿਲ ਜਾ ਆ ਕੇ ਇੱਕ ਵਾਰ।

ਤੇਰੇ ਬਾਝੋਂ ਅੱਜ ਜੀਵਣਾ ਹੋਇਆ ਮੇਰਾ ਦੁਸ਼ਵਾਰ।




ਮਿੰਨੀ ਕਹਾਣੀ

## ਸਿਰਫ਼ ਸੌ ਰੁਪਿਆ

ਛੇ ਦਿਨ ਪਹਿਲਾਂ ਮਾਸਟਰ ਹਰਦਿਆਲ ਸਿੰਘ ਆਪਣੀ ਬੇਟੀ ਦੇ ਵਿਆਹ ਦਾ ਕਾਰਡ ਤੇ ਮਠਿਆਈ ਦਾ ਡੱਬਾ ਮੈਨੂੰ ਘਰ ਆ ਕੇ ਦੇ ਗਿਆ ਸੀ। ਵਿਆਹ ਦਾ ਕਾਰਡ ਤੇ ਮਠਿਆਈ ਦਾ ਡੱਬਾ ਦੇਣ ਵੇਲੇ ਉਸ ਨੇ ਮੈਨੂੰ ਆਖਿਆ ਸੀ ਕਿ ਭਾਵੇਂ ਵਿਆਹ ਨਵਾਂ ਸ਼ਹਿਰ ਬਲਿਊ ਮੂਨ ਪੈਲੇਸ ਵਿੱਚ ਹੋਣਾ ਹੈ ਪਰ ਅਨੰਦ ਕਾਰਜ ਆਪਣੇ ਪਿੰਡ ਦੇ ਗੁਰਦੁਆਰੇ ਵਿੱਚ ਹੋਣੇ ਹਨ।

ਅੱਜ ਪਿੰਡ ਦੇ ਗੁਰਦੁਆਰੇ ਤੋਂ ਅਨਾਊਂਸਮੈਂਟ ਹੋ ਰਹੀ ਸੀ," ਮਾਸਟਰ ਹਰਦਿਆਲ ਸਿੰਘ ਦੀ ਬੇਟੀ ਦੇ ਅਨੰਦ ਕਾਰਜ ਸ਼ੁਰੂ ਹੋਣ ਲੱਗੇ ਆ। ਪਿੰਡ ਵਾਸੀ ਗੁਰਦੁਆਰਾ ਸਾਹਿਬ ਪਹੁੰਚ ਜਾਓ।" ਇਹ ਅਨਾਊਂਸਮੈਂਟ ਸੁਣ ਕੇ ਮੈਂ ਪਿੰਡ ਦੇ ਗੁਰਦੁਆਰੇ ਪਹੁੰਚ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਮੱਥਾ ਟੇਕਣ ਪਿੱਛੋਂ ਮੈਂ ਮਾਸਟਰ ਹਰਦਿਆਲ ਸਿੰਘ ਦੇ ਲਾਗੇ ਜਾ ਕੇ ਬਹਿ ਗਿਆ। ਉਸ ਦੇ ਖੱਬੇ, ਸੱਜੇ ਤਿੰਨ, ਚਾਰ ਮਾਸਟਰ ਵੀ ਬੈਠੇ ਸਨ ਜੋ ਕਿ ਉਸ ਦੇ ਨਾਲ ਪੜ੍ਹਾਉਂਦੇ ਸਨ। ਪਾਠੀ ਸਿੰਘ ਨੇ ਚਾਰ ਲਾਵਾਂ ਪੜ੍ਹ ਕੇ ਅਨੰਦ ਕਾਰਜ ਪੂਰੇ ਕੀਤੇ। ਮੈਂ ਆਪਣੀ ਜੇਬ ਵਿੱਚੋਂ ਸ਼ਗਨ ਦਾ ਲਿਫਾਫਾ ਕੱਢ ਕੇ ਮਾਸਟਰ ਹਰਦਿਆਲ ਸਿੰਘ ਦੇ ਅੱਗੇ ਕਰਦਿਆਂ ਕਿਹਾ," ਤੁਹਾਨੂੰ ਬੇਟੀ ਦੇ ਵਿਆਹ ਦੀਆਂ ਬਹੁਤ, ਬਹੁਤ ਵਧਾਈਆਂ।"

ਮਾਸਟਰ ਹਰਦਿਆਲ ਸਿੰਘ ਨੇ ਆਖਿਆ," ਹਾਲੇ ਇਹ ਲਿਫਾਫਾ ਰਹਿਣ ਦਿਓ। ਗੁਰਦੁਆਰੇ ਤੋਂ ਬਾਹਰ ਜਾ ਕੇ ਲਵਾਂਗੇ।" ਮੈਨੂੰ ਉਸ ਦੇ ਇਸ ਵਰਤਾਓ ਤੇ ਕੁਝ ਗੁੱਸਾ ਚੜ੍ਹ ਗਿਆ। ਫਿਰ ਮਨ ਮਾਰ ਕੇ ਉਸ ਦੇ ਗੁਰਦੁਆਰੇ ਚੋਂ ਬਾਹਰ ਜਾਣ ਦਾ ਇੰਤਜ਼ਾਰ ਕਰਨ ਲੱਗਾ। ਪ੍ਰਸ਼ਾਦ ਲੈਣ ਪਿੱਛੋਂ ਲੜਕੇ ਨਾਲ ਆਏ ਬਰਾਤੀ ਤੇ ਪਿੰਡ ਦੇ ਲੋਕ ਗੁਰਦੁਆਰੇ ਤੋਂ ਬਾਹਰ ਆ ਗਏ। ਮੈਂ ਵੀ ਮਾਸਟਰ ਹਰਦਿਆਲ ਸਿੰਘ ਦੇ ਨਾਲ ਬਾਹਰ ਆ ਗਿਆ।

" ਮਾਸਟਰ ਜੀ, ਹੁਣ ਤਾਂ ਸ਼ਗਨ ਲੈ ਲਓ।" ਮੈਂ ਆਖਿਆ। ਉਹ ਬੜੀ ਨਿਮਰਤਾ ਨਾਲ ਆਖਣ ਲੱਗਾ," ਪਹਿਲਾਂ ਤਾਂ ਮੈਂ ਤੁਹਾਡੇ ਕੋਲੋਂ ਇਸ ਗੱਲ ਦੀ ਮਾਫੀ ਮੰਗਦਾਂ ਕਿ ਮੈਂ ਗੁਰਦੁਆਰੇ ਦੇ ਅੰਦਰ ਤੁਹਾਡੇ ਕੋਲੋਂ ਲਿਫਾਫਾ ਨਹੀਂ ਫੜਿਆ। ਦੂਜੀ ਗੱਲ ਮੈਂ ਕਿਸੇ ਤੋਂ ਵੀ ਲਿਫਾਫੇ ਵਿੱਚ ਸ਼ਗਨ ਨਹੀਂ ਲਿਆ। ਹਰ ਇਕ ਤੋਂ ਸਿਰਫ ਸੌ ਰੁਪਿਆ ਲਿਆ। ਤੁਹਾਨੂੰ ਪਤਾ ਹੀ ਆ, ਮੈਂ ਤੇ ਮੇਰੀ ਪਤਨੀ ਦੋਵੇਂ ਟੀਚਰ ਹਾਂ। ਸਾਨੂੰ ਕਿਸੇ ਵੀ ਚੀਜ਼ ਦੀ ਲੋੜ ਨਹੀਂ। ਬੇਟੀ ਕੁਝ ਦਿਨ ਪਹਿਲਾਂ ਆਸਟ੍ਰੇਲੀਆ ਤੋਂ ਵਿਆਹ ਕਰਾਣ ਲਈ ਆਈ ਸੀ। ਕੁਝ ਦਿਨਾਂ ਪਿੱਛੋਂ ਉਸ ਨੇ ਮੁੜ ਆਸਟ੍ਰੇਲੀਆ ਚਲੇ ਜਾਣਾ ਆਂ। ਇਸ ਕਰਕੇ ਤੁਸੀਂ ਮੈਨੂੰ ਸਿਰਫ ਸੌ ਰੁਪਿਆ ਸ਼ਗਨ ਦਾ ਦੇ ਦਿਓ।"

ਮੈਂ ਆਪਣੇ ਬਟੂਏ ਚੋਂ ਸੌ ਰੁਪਏ ਦਾ ਨੋਟ ਕੱਢ ਕੇ ਉਸ ਦੇ ਹੱਥਾਂ ਤੇ ਰੱਖ ਦਿੱਤਾ। ਮੈਂ ਸੋਚ ਰਿਹਾ ਸਾਂ ਕਿ ਜੇ ਸਾਰੇ ਲੋਕ ਉਸ ਵਾਂਗ ਕਰਨ ਲੱਗ ਪੈਣ ਤਾਂ ਕਿੰਨਾ ਪੈਸਾ ਬਚ ਸਕਦਾ ਅਤੇ ਵਾਧੂ ਦੇ ਲੜਾਈ, ਝਗੜੇ ਤੇ ਕਲੇਸ਼ ਜਿਹੜੇ ਲੈਣ-ਦੇਣ ਪਿੱਛੇ ਹੁੰਦੇ ਹਨ, ਵੀ ਘੱਟ ਸਕਦੇ ਹਨ।




## ਸ਼ੁਕਰ ਮਨਾਵਾਂ ਹਰ ਵੇਲੇ

ਉਹਦਾ ਸ਼ੁਕਰ ਮਨਾਵਾਂ ਹਰ ਵੇਲੇ
ਉਹਦਾ ਨਾਮ ਧਿਆਵਾਂ ਹਰ ਵੇਲੇ
ਮੇਰੀ ਗੁੱਡੀ ਅਰਸ਼ੀਂ ਚਾੜ੍ਹੀ ਏ
ਉਹਦੇ ਗੁਣ ਮੈ ਗਾਵਾਂ ਹਰ ਵੇਲੇ

ਉਹਨੇ ਨਜ਼ਰ ਸਵੱਲੀ ਮਾਰੀ ਏ
ਮੇਰੀ ਡੁੱਬਦੀ ਬੇੜੀ ਤਾਰੀ ਏ
ਮੈ ਸੀਸ ਝੁਕਾਵਾਂ ਹਰ ਵੇਲੇ
ਉਹਦਾ ਨਾਮ ਧਿਆਵਾਂ ਹਰ ਵੇਲੇ

ਉਹ ਸਭ ਤੋਂ ਵੱਡਾ ਯੋਗੇਸ਼ਵਰ ਹੈ
ਉਹ ਪਰਮ ਪਿਤਾ ਪ੍ਰਮੇਸ਼ਵਰ ਹੈ
ਉਹਨੂੰ ਦਿੱਲ ਚ ਵਸਾਵਾਂ ਹਰ ਵੇਲੇ
ਉਹਦਾ ਨਾਮ ਧਿਆਵਾਂ ਹਰ ਵੇਲੇ

ਉਹ ਸਭਦੀ ਝੋਲੀ ਭਰ ਦਿੰਦਾ
ਜਨਮਾਂ ਦੇ ਦੁੱਖੜੇ ਹਰ ਦਿੰਦਾ
ਮੈ ਵੀ ਉਹਨੂੰ ਚਾਹਵਾਂ ਹਰ ਵੇਲੇ
ਉਹਦਾ ਨਾਮ ਧਿਆਵਾਂ ਹਰ ਵੇਲੇ

ਜਸਵੀਰ ਦਾ ਭਾਗ ਜਗਾ ਦਿੱਤਾ
ਕਰਮਾਂ ਨੂੰ ਬੂਰ ਲਗਾ ਦਿੱਤਾ
ਉਹਦੇ ਗੀਤ ਬਨਾਵਾਂ ਹਰ ਵੇਲੇ
ਉਹਦਾ ਨਾਮ ਧਿਆਵਾਂ ਹਰ ਵੇਲੇ




## ਮੇਰਾ ਇਕੋ ਇੱਕ ਪੈਗਾਮ

ਮੇਰਾ ਇਕੋ ਇੱਕ ਪੈਗਾਮ,
ਘਰ-ਘਰ ਵਿੱਚ ਮਾਨਸਿਕ ਤੰਦਰੁਸਤੀ ਦਾ ਐਲਾਨ।
ਨਾ ਮਨ ਰੋਵੇ, ਨਾ ਦਿਲ ਹਾਰੇ,
ਹਰ ਚਿਹਰੇ 'ਤੇ ਖਿੜਣ ਉਜਿਆਰੇ।
ਪਿਆਰ ਦੀ ਭਾਸ਼ਾ, ਸਨੇਹ ਦੀ ਸ਼ਾਨ—
ਇਹੀ ਹੈ ਜੀਵਨ ਦੀ ਅਸਲੀ ਪਹਿਚਾਣ।
ਮੇਰਾ ਇਕੋ ਇੱਕ ਪੈਗਾਮ,
ਘਰ-ਘਰ ਵਿੱਚ ਮਾਨਸਿਕ ਤੰਦਰੁਸਤੀ ਦਾ ਐਲਾਨ।
ਆਓ ਸੁਣੀਏ ਦਿਲ ਦੀ ਬੋਲੀ,
ਨਾ ਰਹਿ ਜਾਵੇ ਕੋਈ ਅੱਖ ਨਮੀਲੀ।
ਹੱਥ ਫੜੀਏ, ਬਣੀਏ ਸਹਾਰਾ,
ਇਹੀ ਹੈ ਇਨਸਾਨੀਅਤ ਦਾ ਨਾਰ੍ਹਾ।
ਜਿੱਥੇ ਗੱਲਾਂ ਪਿਆਰ ਨਾਲ ਹੁੰਦੀਆਂ,
ਉੱਥੇ ਪੀੜਾਂ ਹੌਲੀਆਂ ਹੋ ਜਾਂਦੀਆਂ।
ਜਿੱਥੇ ਮਨ ਨੂੰ ਮਿਲਦਾ ਸਨਮਾਨ,
ਉੱਥੇ ਵੱਸਦਾ ਸੱਚਾ ਭਗਵਾਨ।
ਮੇਰਾ ਇਕੋ ਇੱਕ ਪੈਗਾਮ,
ਘਰ-ਘਰ ਵਿੱਚ ਮਾਨਸਿਕ ਤੰਦਰੁਸਤੀ ਦਾ ਐਲਾਨ।
ਨਾ ਚੁੱਪੀਆਂ ਨੂੰ ਕਮਜ਼ੋਰੀ ਮੰਨੋ,
ਨਾ ਹੰਝੂਆਂ ਨੂੰ ਲਾਚਾਰੀ ਜਾਣੋ।
ਹਰ ਧੜਕਣ ਦੀ ਆਪਣੀ ਕਹਾਣੀ,
ਹਰ ਮੁਸਕਾਨ ਪਿੱਛੇ ਇੱਕ ਜ਼ਿੰਦਗਾਨੀ।
ਬੱਚੇ ਹੱਸਣ, ਬਜ਼ੁਰਗ ਖਿੜ ਜਾਣ,
ਜਵਾਨ ਆਪਣੇ ਸੁਪਨੇ ਸਿਰਜਣ।
ਹਰ ਵਿਹੜੇ ਵਿੱਚ ਆਸ ਖਿੜ੍ਹੇ,
ਹਰ ਦਿਲ ਵਿੱਚ ਨਵਾਂ ਵਿਸ਼ਵਾਸ ਜਗੇ।
ਮੇਰਾ ਇਕੋ ਇੱਕ ਪੈਗਾਮ,
ਘਰ-ਘਰ ਵਿੱਚ ਮਾਨਸਿਕ ਤੰਦਰੁਸਤੀ ਦਾ ਐਲਾਨ।
ਨਾ ਨਫ਼ਰਤ ਹੋਵੇ, ਨਾ ਅਪਮਾਨ,
ਹਰ ਮਨ ਨੂੰ ਮਿਲੇ ਸਨਮਾਨ।
ਸੁਣਨਾ ਵੀ ਇੱਕ ਇਬਾਦਤ ਹੋਵੇ,
ਖੁਸ਼ੀਆਂ ਹੋਵਣ ਹਰ ਘਰ ਦੀ ਸ਼ਾਨ।
ਆਓ ਮਿਲ ਕੇ ਵਾਅਦਾ ਕਰੀਏ,
ਕਿਸੇ ਮਨ ਨੂੰ ਇਕੱਲਾ ਨਾ ਛੱਡੀਏ।
ਹਰ ਘਰ ਬਣੇ ਉਮੀਦ ਦਾ ਮਕਾਨ,
ਹਰ ਦਿਲ ਬਣੇ ਪਿਆਰ ਦੀ ਪਹਿਚਾਣ।
ਮੇਰਾ ਇਕੋ ਇੱਕ ਪੈਗਾਮ,
ਘਰ-ਘਰ ਵਿੱਚ ਮਾਨਸਿਕ ਤੰਦਰੁਸਤੀ ਦਾ ਐਲਾਨ।
ਜਦ ਮਨ ਤੰਦਰੁਸਤ, ਤਦ ਜੀਵਨ ਮਹਿਕੇ,
ਹਰ ਰਿਸ਼ਤਾ ਪਿਆਰ ਦੀ ਖੁਸ਼ਬੂ ਲਿਖੇ।
ਇਹੀ ਹੋਵੇ ਹਰ ਦਿਲ ਦੀ ਉਡਾਣ,
ਇਹੀ ਹੋਵੇ ਹਰ ਘਰ ਦੀ ਪਹਿਚਾਣ।
ਮੇਰਾ ਇਕੋ ਇੱਕ ਪੈਗਾਮ,
ਘਰ-ਘਰ ਵਿੱਚ ਮਾਨਸਿਕ ਤੰਦਰੁਸਤੀ ਦਾ ਐਲਾਨ।




## ਘੁੱਗੀ

ਸਲੇਟੀ ਰੰਗੇ ਇਸ ਦੇ ਖੰਭ ,
ਸੁਰਮੇ ਰੰਗੀ ਗਲ਼ ਧਾਰੀ,
ਤੁਰੀ ਜਾਪੇ ਮੜਕ ਨਾਲ ,
ਲੱਗਦੀ ਬੜੀ ਪਿਆਰੀ ।

ਨਿੱਕੀ ਜਿਹੀ ਚੁੰਜ ਤੇਰੀ ,
ਦਾਣਾ-ਦਾਣਾ ਚੁੱਗਦੀ ਤੂੰ ,
ਨਿੱਕੇ-ਨਿੱਕੇ ਪੈਰ ਤੇਰੇ ,
ਗਾਉਂਦੀ ਜਾਪੇ ਵਾਹਿਗੁਰੂ ਤੂੰ ।

ਨਾ ਚਾਹੇ ਪ੍ਰਦੂਸ਼ਣ ਨਾ ਹਿੰਸਾ,
ਨਾ ਝਗੜਾ, ਨਾ ਸ਼ੋਰ,
ਨਾ ਹੈ ਉਜਾੜਾਂ ਮੰਗੇ ,
ਸ਼ਾਂਤੀ ਮੰਗੇ ਨਾ ਕੁਝ ਹੋਰ ।

ਹੱਕ ਤੇ ਸੱਚ ਦੀ ਕਰੇ ਕਮਾਈ,
ਰੱਬ ਦੀ ਰਜ਼ਾ ਵਿੱਚ ਹੈ ਰਹਿੰਦੀ,
ਨਾ ਚੋਰੀ ਨਾ ਜਮ੍ਹਾ-ਖੋਰੀ,
ਅਮਨ-ਚੈਨ ਵਿੱਚ ਹੈ ਰਹਿੰਦੀ।

ਕਿਸੇ ਰੁੱਖ ਦੇ ਉੱਤੇ,ਕਿਸੇ ਪੱਤੇ ਥੱਲੇ,
ਪਾ ਆਲ੍ਹਣਾ ਆਪਣਾ ਘਰ ਬਣਾਉਂਦੀ ,
ਨਾ ਮੰਜਿਲਾਂ ਨਾ ਚੁਬਾਰੇ ਹੈ ਚਾਹੁੰਦੀ,
ਲਾ ਬਿਰਤੀ ਕੁਦਰਤ ਨਾਲ ਹੈ ਰਹਿੰਦੀ ॥

ਫਿਰ ਵੀ ਇਸ ਭੋਲੇ ਜਿਹੇ ਪੰਛੀ ਨਾਲ,
ਜਾਬਰ ਕਰਦੇ ਨੇ ਧੱਕਾ ,
ਕਾਂ,ਬਾਜ ਤੇ ਬਾਗੜ ਬਿੱਲੇ ,
ਖਾ ਜਾਂਦੇ ਇਸ ਨੂੰ ਕੱਚਾ ।

ਕਿਰਤੀ ਤੇ ਸਰਮਾਏਦਾਰੀ ਭਾਰੀ,
ਮਿਲੇ ਨਾ ਉਸ ਨੂੰ ਪੂਰਾ ਹੱਕ ,
ਮਹਿੰਗਾਈ ਤੇ ਗੋਗੜ ਵਾਲੇ ਲੋਭੀ,
ਲੈਣ ਸਭ ਕੁੱਝ ਹੜੱਪ ॥




## ਗ਼ਜ਼ਲ

ਗੈਰਾਂ ਨਾਲ ਨਹੀਂ ਐਵੇਂ ਮੱਥਾ ਲਾਈਦਾ,
ਆਪਣਿਆਂ ਨੂੰ ਐਵੇਂ ਨਹੀਂ ਭੁਲਾਈਦਾ

ਰਸਤਾ ਬੇਰਾਨ ਘਟਾਵਾਂ ਛਾਈਆਂ ਨੇ,
ਦੀਵਾ ਆਸ ਦਾ ਹਰ ਦਮ ਜਗਾਈਦਾ।

ਜੀਵਨ ਇਕ ਸਫ਼ਰ ਅਨੋਖਾ ਰਾਹੀ ਹਾਂ,
ਛੋਟੀ ਗੱਲ ਤੋਂ ਨਹੀਂ ਘਬਰਾਈਦਾ। |

ਤੋਰ ਨਿਰੰਤਰ ਤੁਰ ਮੰਜ਼ਿਲ ਦੂਰ ਨਹੀਂ,
ਥੱਕ ਜਾਵੇਂ ਤਾਂ ਥੋੜ੍ਹਾ ਅਰਾਮਾਈਦਾ।

ਬਚਪਨ ਵਿੱਚ ਹੀ ਬਾਪੂ ਤੋਂ ਸਿੱਖਿਆ ਸੀ,
ਸੰਘਰਸ਼ ਬਿਨਾਂ ਬੇੜਾ ਨਾ ਪਾਰ ਲਾਈਦਾ।

ਕਰ ਹਿੰਮਤ ਤੇ ਮੋੜ ਦੇ ਰੁਖ਼ ਹਵਾ ਦੇ,
ਵਿੱਚ ਭਟਕਣ ਦੇ ਸਮਾਂ ਨਾ ਲੰਘਾਈਦਾ।

"ਅਮਰ" ਮਿਹਨਤ ਕਰ ਬੇੜਾ ਪਾਰ ਕਰੀ,
ਹੋ ਵਿਹਲੜ ਨਾ ਜ਼ਿੰਦਗੀ ਦਾ ਡੰਗ ਟਪਾਈਦਾ।




## ਪਖੰਡੀ ਬਾਬੇ

ਬਾਬਿਆਂ ਦੀ ਹੋ ਗਈ ਭਰਮਾਰ । ਬਾਬੇ ਜੰਮ ਪਏ ਬੇਸ਼ੁਮਾਰ |
ਕੋਈ ਕਤੂਰਿਆਂ ਵਾਲ਼ਾ ਬਾਬਾ | ਕੋਈ ਲਸੂੜਿਆਂ ਵਾਲ਼ਾ ਬਾਬਾ |
ਨਾ ਕੋਈ ਕੰਮ ਨਾ ਕਰਦੇ ਕਾਰ । ਸਦਾ ਹੀ ਲੁੱਟਦੇ ਮੌਜ ਬਹਾਰ |
ਝੂਟਣ ਮਹਿੰਗੀਆਂ ਮਹਿੰਗੀਆਂ ਕਾਰਾਂ | ਪਾਣੀ ਭਰਦੀਆਂ ਸਭ ਸਰਕਾਰਾਂ |
ਨਾ ਕੋਈ ਐਬ ਨਾ ਦੇਖਣ ਖੋਟ । ਉਹ ਤਾਂ ਭਾਲਣ ਨੋਟ ਤੇ ਵੋਟ |
ਹੋ ਗਿਆ ਖਾਨਾ ਖੂਬ ਖ਼ਰਾਬ | ਡੋਬ ਦਿੱਤਾ ਪੂਰਾ ਪੰਜਾਬ |
ਦਿਨੇਂ ਰਾਤ ਜੋ ਮਿਹਨਤ ਕਰਦਾ । ਉਹ ਤਾਂ ਫਿਰ ਵੀ ਭੁੱਖਾ ਮਰਦਾ |
ਲੋਕਾਂ ਦੀ ਵੀ ਦੇਖੋ ਚਾਲ | ਬਾਬੇ ਕੀਤੇ ਮਾਲਾ - ਮਾਲ ।
ਆਪੇ ਅਸੀਂ ਉਗਾਏ ਬਾਬੇ । ਆਪੇ ਸਿਰ ਚੜ੍ਹਾਏ ਬਾਬੇ ।
ਅੱਗੇ ਪਿੱਛੇ ਘੁੰਮਦੀਆਂ ਫ਼ੌਜਾਂ । ਡੇਰਿਆਂ ਦੇ ਵਿੱਚ ਕਰਦੇ ਮੌਜਾਂ ।
ਇਹ ਤਾਂ ਲੋਕ ਨੇ ਬੜੇ ਸ਼ੈਤਾਨ | ਕਪਟੀ ਛਲੀਏ ਬੇਈਮਾਨ।
ਇਹਨਾਂ ਦਾ ਕੋਈ ਧਰਮ ਨਹੀਂ ਹੈ। ਕੋਈ ਵੀ ਅੱਛਾ ਕਰਮ ਨਹੀਂ ਹੈ |
ਲੁੱਟਣ ਵਿੱਚ ਡਾਢੇ ਹੋਸ਼ਿਆਰ | ਭੁੱਲਿਆ ਹੋਇਆ ਹੈ ਕਰਤਾਰ |
ਜਾਗੋ ਲੋਕੋ ਹੁਣ ਤਾਂ ਜਾਗੋ | ਬਾਬਿਆਂ ਦਾ ਹੁਣ ਖਹਿੜਾ ਤਿਆਗੋ |
ਪੁੱਟ ਉਖਾੜੋ ਡੇਰਾਬਾਦ । ਜਿਨ੍ਹਾਂ ਨੇ ਕੀਤਾ ਹੈ ਬਰਬਾਦ |
ਗੁਰੂ ਗ੍ਰੰਥ ਦੀ ਸ਼ਰਨੀਂ ਆਵੋ | ਆਪਣਾ ਜੀਵਨ ਸਫ਼ਲ ਬਣਾਵੋ |
ਇਹੋ ਉੱਤਮ ਸਾਧੂ ਸੰਤ | ਮਹਿਮਾ ਦਾ ਨਾ ਆਵੇ ਅੰਤ |
ਪੜ੍ਹੀਏ ਸੁਣੀਏ ਗਾਈਏ ਬਾਣੀ । ਹਿਰਦੇ ਵਿੱਚ ਵਸਾਈਏ ਬਾਣੀ ।
ਜੀਵਨ ਵਿੱਚ ਕਮਾਈਏ ਬਾਣੀ | ਕਦੇ ਨਾ ਮਨੋ ਭੁਲਾਈਏ ਬਾਣੀ |
ਇਹ ਗੁਰੂਆਂ ਦਾ ਰੂਪ ਅਪਾਰ | ਬਾਣੀ ਤਾਂ ਖੁਦ ਹੈ ਨਿਰੰਕਾਰ |
ਜਿਸਨੇ ਕੀਤਾ "ਸਹਿਜ" ਪਿਆਰ | ਸਣ ਪਰਿਵਾਰੇ ਉੱਤਰੇ ਪਾਰ |




## ਮੇਰੇ ਵਾਂਗੂ ਤੂੰ ਵੀ ਨਣਦੇ

ਤੇਨੂੰ ਆਖਦੀ ਹੈ ਤੇਰੀ ਭਰਜਾਈ, ਮੇਰੇ ਵਾਂਗੂ ਤੂੰ ਵੀ ਨਣਦੇ
ਹੋ ਇੱਕ ਦਿੱਨ ਜਾਣਾਂ ਹੈ ਪਰਾਈ, ਮੇਰੇ ਵਾਂਗੂ ਤੂੰ ਵੀ ਨਣਦੇ

ਐਵੇਂ ਨਾ ਤੂੰ ਵਿਹਲੀ ਬੈਠ ਚਰਖਾ ਤੂੰ ਕੱਤ ਨੀ
ਕੰਮ ਆਉਂਣੀ ਮਾਪਿਆਂ ਦੀ ਦਿੱਤੀ ਹੋਈ ਮੱਤ ਨੀ
ਕੋਈ ਚਾਦਰਾਂ ਤੇ ਕੱਢ ਲੈ ਕਢਾਈ, ਮੇਰੇ ਵਾਂਗੂ ਤੂੰ ਵੀ ਨਣਦੇ
ਹੋ ਇੱਕ ਦਿੱਨ ਜਾਣਾਂ ਹੈ ਪਰਾਈ, ਮੇਰੇ ਵਾਂਗੂ ਤੂੰ ਵੀ ਨਣਦੇ

ਲੱਖ ਵਾਰੀ ਜਾਣਾ ਤੂੰ ਉਡਾਰੀ ਭਾਵੇਂ ਮਾਰ ਨੀ
ਵੀਰਾਂ ਭੈਣਾਂ ਦਾ ਨਾ ਕਦੇ ਭੁੱਲਦਾ ਪਿਆਰ ਨੀ
ਪਾ ਸਖ਼ੀਆਂ ਤੋਂ ਜਾਵੇਗੀ ਜੁਦਾਈ, ਮੇਰੇ ਵਾਂਗੂ ਤੂੰ ਵੀ ਨਣਦੇ
ਹੋ ਇੱਕ ਦਿੱਨ ਜਾਣਾਂ ਹੈ ਪਰਾਈ, ਮੇਰੇ ਵਾਂਗੂ ਤੂੰ ਵੀ ਨਣਦੇ

ਇਸ ਗੱਲ ਨੂੰ ਤਾਂ ਬੀਬਾ ਹਰ ਕੋਈ ਜਾਣਦਾ
ਤੋਰਨਾ ਧੀਆਂ ਨੂੰ ਦਸਤੂਰ ਹੈ ਜਹਾਨ ਦਾ
ਰੱਖ ਸਕੇ ਨਾ ਧੀਆਂ ਨੂੰ ਘਰ ਕਾਈ, ਮੇਰੇ ਵਾਂਗੂ ਤੂੰ ਵੀ ਨਣਦੇ
ਹੋ ਇੱਕ ਦਿੱਨ ਜਾਣਾਂ ਹੈ ਪਰਾਈ, ਮੇਰੇ ਵਾਂਗੂ ਤੂੰ ਵੀ ਨਣਦੇ

ਛੱਡ ਜਾਣਾ ਵੀਰੇ ਜਸਵੀਰ ਦਾ ਤੂੰ ਘਰ ਨੀ
ਲਿਖਿਆ ਨਸੀਬਾਂ ਚ ਨਸੀਬ ਹੋਣਾਂ ਵਰ ਨੀ
ਰੀਤ ਧੁਰ ਦਰਗਾਹੋਂ ਚਲੀ ਆਈ, ਮੇਰੇ ਵਾਂਗੂ ਤੂੰ ਵੀ ਨਣਦੇ
ਹੋ ਇੱਕ ਦਿੱਨ ਜਾਣਾਂ ਹੈ ਪਰਾਈ, ਮੇਰੇ ਵਾਂਗੂ ਤੂੰ ਵੀ ਨਣਦੇ








ਆਪਣੀਆਂ ਰਚਨਾਵਾਂ ਨੂੰ ਛਪਵਾਉਣ ਲਈ ਹੇਠਾਂ ਦਿੱਤੇ ਗਏ ਨੰਬਰਾਂ ਤੇ ਸੰਪਰਕ ਕਰੋ।

" ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ । ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸਬੰਧਿਤ ਲੇਖਕ ਹੀ ਜ਼ਿੰਮੇਵਾਰ ਹੋਵੇਗਾ , ਅਦਾਰਾ ਜਾਂ ਸੰਪਾਦਕ ਮੰਡਲ ਨਹੀਂ। "

E-mail:- adbivirsat@gmail.com

WHATSAPP NUMBER :- 89689 - 33711 , 98720 - 79212



# ਅਦਬੀ ਵਿਰਾਸਤ

ਅੰਕ 06 , ਸਥਾਪਨਾ -ਦਸੂਹਾ, 05/07/2026 ਦਿਨ ਐਤਵਾਰ (ਨਾਨਕਸ਼ਾਹੀ ਸੰਮਤ 21 ਹਾੜ 558)adbivirsat@gmail.com

(ਮਿੰਨੀ ਕਹਾਣੀ)

## ਕਿਸਮਤ ਵਾਲ਼ਾ

ਸੋਲ਼ਾਂ ਸਾਲ ਪਹਿਲਾਂ ਗਿਆਨ ਚੰਦ ਸਾਡੇ ਪਿੰਡ ਦੇ ਸਰਕਾਰੀ ਹਾਈ ਸਕੂਲ ਵਿੱਚ ਬਤੌਰ ਮੁੱਖ ਅਧਿਆਪਕ ਪਰਮੋਟ ਹੋ ਕੇ ਆਇਆ ਸੀ। ਸੋਲਾਂ ਸਾਲ ਮੁੱਖ ਅਧਿਆਪਕ ਦੀ ਕੁਰਸੀ ਤੇ ਬੈਠਾ ਉਹ ਅੱਕ ਜਿਹਾ ਗਿਆ ਸੀ। ਉਸ ਨੂੰ ਮੁੱਖ ਅਧਿਆਪਕ ਦਾ ਅਹੁਦਾ ਛੋਟਾ, ਛੋਟਾ ਲੱਗਣ ਲੱਗ ਪਿਆ ਸੀ। ਉਹ ਪ੍ਰਿੰਸੀਪਲ ਦੀ ਪਰਮੋਸ਼ਨ ਲਈ ਏਨਾ ਕਾਹਲਾ ਸੀ ਜਿਵੇਂ ਪ੍ਰਿੰਸੀਪਲ ਬਣ ਕੇ ਉਸ ਨੇ ਗਿਆਨ ਚੰਦ ਤੋਂ ਹੋਰ ਕੁਝ ਬਣ ਜਾਣਾ ਸੀ। ਸਾਡੇ ਪਿੰਡ ਸਕੂਲ ਦੇ ਕਈ ਅਧਿਆਪਕ ਬੱਤੀ, ਬੱਤੀ ਸਾਲ ਤੋਂ ਇੱਕੋ ਅਹੁਦੇ ਤੇ ਕੰਮ ਕਰ ਰਹੇ ਸਨ। ਉਨ੍ਹਾਂ ਦੀ ਪਰਮੋਸ਼ਨ ਬਾਰੇ ਉਸ ਨੇ ਕਦੇ ਗੱਲ ਨਹੀਂ ਸੀ ਕੀਤੀ। ਅੱਜ ਉਸ ਦੇ ਸਰਕਾਰੀ ਸੈਕੰਡਰੀ ਸਕੂਲ ਬੰਗਾ ਵਿੱਚ ਬਤੌਰ ਪ੍ਰਿੰਸੀਪਲ ਦੇ ਪਰਮੋਸ਼ਨ ਆਰਡਰ ਆ ਗਏ। ਉਸ ਨੂੰ ਜਿਵੇਂ ਪਰ ਲੱਗ ਗਏ ਹੋਣ। ਉਹ ਹਵਾ ਵਿੱਚ ਉੱਡਣ ਲੱਗ ਪਿਆ। ਉਸ ਦਾ ਜਿਵੇਂ ਬਾਕੀ ਅਧਿਆਪਕਾਂ ਨਾਲ ਕੋਈ ਸਬੰਧ ਹੀ ਨਾ ਰਿਹਾ ਹੋਵੇ। ਉਸ ਦਾ ਉਨ੍ਹਾਂ ਨਾਲ ਗੱਲ ਕਰਨ ਦਾ ਅੰਦਾਜ਼ ਹੀ ਬਦਲ ਗਿਆ। ਉਹ ਬਾਅਦ ਦੁਪਹਿਰ ਸਾਡੇ ਪਿੰਡ ਦੇ ਸਕੂਲ ਤੋਂ ਫਾਰਿਗ ਹੋ ਕੇ ਚਲਾ ਗਿਆ। ਉਸ ਦੇ ਜਾਣ ਪਿੱਛੋਂ ਬੱਤੀ, ਬੱਤੀ ਸਾਲ ਤੋਂ ਇੱਕੋ ਅਹੁਦੇ ਤੇ ਕੰਮ ਕਰਨ ਵਾਲੇ ਅਧਿਆਪਕ ਆਖਣ ਲੱਗੇ, "ਸਾਡੇ ਨਾਲੋਂ ਤਾਂ ਉਹ ਫਿਰ ਵੀ ਕਿਸਮਤ ਵਾਲਾ ਨਿਕਲਿਆ। ਸਾਡੀ ਪਤਾ ਨਹੀਂ ਮਹਿਕਮੇ ਨੇ ਕਦੋਂ ਸੁਣਨੀ ਆਂ? ਖਬਰੇ ਸਾਨੂੰ ਪਰਮੋਸ਼ਨ ਤੋਂ ਬਗੈਰ ਹੀ ਸੇਵਾ ਮੁਕਤ ਹੋਣਾ ਪੈਣਾ ਆਂ।"




## ਬੱਤਖ਼





ਕਿੰਨੀ ਮਾਸੂਮ ਲੱਗੀ ਮੈਨੂੰ ਉਹ ਬੱਤਖ਼,
ਕਿੰਨੀ ਵਾਰ ਉਹ ਛੱਪੜ ਦੇ ਪਾਣੀ ਵਿੱਚ ਡੁੱਬੀ,
ਕਿੰਨੀ ਬੇਫ਼ਿਕਰੀ ਨਾਲ ਉਹ
ਨਦੀ ਅਤੇ ਝੀਲ ਦੇ ਪਾਣੀਆਂ ਵਿੱਚ ਤੈਰਦੀ ਰਹੀ।


ਉਸ ਨੂੰ ਤੱਕਦਿਆਂ
ਚੁੱਪ ਪਾਣੀ ਵੀ
ਗਾਉਣ ਲੱਗ ਪਿਆ।

ਉਸ ਛੱਪੜ ਵਿੱਚ
ਮੈਂ ਅਣਗਿਣਤ ਲਹਿਰਾਂ ਨੂੰ
ਜਨਮ ਲੈਂਦਿਆਂ ਵੇਖਿਆ।

ਉਸ ਦੇ ਖੰਭਾਂ ਦੀ ਲੈਅ ਉੱਤੇ
ਪਾਣੀ ਦੀਆਂ ਲਹਿਰਾਂ
ਨੱਚਦੀਆਂ ਰਹੀਆਂ।

ਅਤੇ ਉਸ ਦੇ ਖੰਭਾਂ ਦੀ ਫੜਫੜਾਹਟ ਵਿੱਚੋਂ
ਇੱਕ ਮਿੱਠਾ ਸੁਰ ਜਨਮਿਆ।

ਕਿੰਨੀ ਮਾਸੂਮ ਲੱਗੀ ਮੈਨੂੰ ਉਹ ਬੱਤਖ਼।
ਚੁੱਪ ਰਹਿ ਕੇ ਵੀ
ਉਹ ਮੈਨੂੰ
ਉੱਠਣਾ ਅਤੇ ਉੱਡਣਾ ਸਿਖਾ ਗਈ




## ਛੱਡ ਖੈੜਾ ਪੀ ਆਰ ਦਾ

ਬੁੱਲ੍ਹੇ ਬਾਰਵੀਂ ਜਮਾਤ ਤੱਕ ਲੁੱਟੇ ਆ ਤੇ ਰਾਹ ਜੰਨਤ ਦੇ ਨਾਪੇ ਸੀ
ਖੁੱਡੇ ਆਇਲਟਸ ਕੀਤੀ ਸੀ ਜਲੰਧਰੋਂ ਜੋ ਜੜ੍ਹ ਬਣ ਗਈ ਸਿਆਪੇ ਦੀ

ਜਦੋਂ ਆਉਣ ਵਾਲਾ ਦੇਖਦਾ Future ਤੇ ਰਤਾ ਨਹੀਂਓ ਖੈਰ ਲੱਗਦੀ
ਕਦੇ ਲੱਗਦੀ ਹੁੰਦੀ ਸੀ ਖੰਡ ਮਿਸ਼ਰੀ ਕਨੇਡਾ ਨਿਰੀ ਜ਼ਹਿਰ ਲੱਗਦੀ

ਕੋਈ ਵਿਰਲਾ ਹੀ ਹੁੰਦਾ ਇੱਥੇ ਸੈਟਲ ਤੇ ਬਹੁਤੀ ਖੱਜਲ ਖਰਾਬੀ ਆ
ਜ਼ਿੰਦ ਬੇਸਮੈਂਟਾ  ਵਿੱਚ ਗਈ ਆ ਡੱਕੀ ਜੋ ਪਿੰਡ ਘੁੰਮਦੇ ਨਬਾਬੀ ਆ

ਡਿਪ੍ਰੈਸ਼ਨ ਦਾ ਹੋ ਜਾ ਨਾ ਸ਼ਿਕਾਰ ਕਿਤੇ ਭੌਰਾ ਨਾਂ ਸਮਾਈਲ ਫੇਸ ਤੇ
ਸੁੱਖ, ਚੈਨ , ਨੀਂਦ, ਮਾਪੇ ਸਾਰੇ ਰੋਲ ਤੇ ਵੇ ਡਾਲਰਾ ਦੀ ਲੱਗੀ ਰੇਸ ਨੇ

ਖੜੇ ਪੈਰ ਕਰ ਕੋਈ ਹੀਲਾ ਦੇਖਿਆ ਏ ਕਹਿਨੇ ਕੱਲ ਨੂੰ
ਨਾਗ ਵਲ ਪਾ ਲਾ ਬਾਪੂ ਕੱਸ ਕੇ ਤੇ ਧੂੰ ਲੈ ਮੈਨੂੰ ਪਿੰਡ ਵੱਲ ਨੂੰ

ਇੱਕ ਚਾਹੀਦੀ ਆ ਹੱਲਾਸ਼ੇਰੀ ਤੇਰੀ ਸ਼ਰੀਕਾਂ ਭਾਵੇਂ ਮਿਹਣੇ ਮਾਰਦਾ
ਬਾਪੂ ਤੇਰੇ ਨਾਲ ਖੇਤੀ ਪਿੰਡ ਕਰ ਲਉਗਾ ਛੱਡ ਖੈੜਾ ਪੀ ਆਰ ਦਾ

ਕਿੱਤਾ ਅਪਣਾ ਹੀ ਸ਼ੁਰੂ ਕੋਈ ਕਰਨਾ ਆ ਛੱਡ ਖੈੜਾ ਪੀ ਆਰ ਦਾ।




## ਵਾਰਿਸ਼ ਸ਼ਾਹ


ਵਾਰਿਸ਼ ਸ਼ਾਹ ਗੁਰੂ ਹੈ,ਹੈ ਹਾਸ਼ਮ ਨੂੰ ਨਮਸ਼ਕਾਰ,
ਬੁੱਲ੍ਹਾ ਮਨ ਵਿੱਚ ਵੱਸਦਾ,ਜਦ ਕੋਈ ਲਿਖਾਂ ਵਿਚਾਰ।

ਮੋਹਨ,ਮੁਸਾਫ਼ਿਰ ਆਉਣ ਕੇ,ਹਨ ਦਿੰਦੇ ਇਕ ਸੇਧ,
ਅਮ੍ਰਿਤਾ ਬੀਬੀ ਵਿੱਚ ਲਿਖਤਾਂ ਦੇ,ਕਰ ਜਾਂਦੀ ਪ੍ਰਵੇਸ਼।

ਚਾਤ੍ਰਿਕ ਸਿਫਤ ਸੁਣਾਵੰਦਾ ਦਾ,ਮਨ ਵਤਨਾਂ ਦਾ ਪਿਆਰ,
ਸ਼ਿਵ ਬਿਰਹਾ ਨੂੰ ਭਾਲਦਾ,ਸੀ ਆਇਆ ਸੰਸਾਰ।

ਪਾਤਰ ਨੂੰ ਵੀ ਦੇ ਰਿਹਾਂ,ਵਿੱਚ ਲਿਖਤਾਂ ਸਤਿਕਾਰ,
ਆਧਿਆਪਕ ਮੇਰੇ ਹਮਸਫ਼ਰ ਨੇ,ਸ਼ਾਇਰ ਮੇਰਾ ਪਰਿਵਾਰ।

ਕਲਮ ਸੰਗ ਦੋਸਤੀ, ਹੈ ਕਵਿਤਾ ਸੰਗ ਪਿਆਰ,
ਬਨਾਰਸੀ ਦਾਸ ਵੀ ਮਾਂ ਬੋਲੀ 'ਚ,ਲਿਖ ਗਿਆ ਅੱਖਰ ਚਾਰ।




## ਤਿਆਗ ਭਾਵਨਾ

ਦਿਲ ਕੀਤਾ ਅੱਗ ਲਾ ਕੇ ਸਭ ਕੁੱਝ ਸਾੜ ਦਿੱਤਾ।
ਆਸ ਮੁਰਾਦਾਂ ਵਾਲਾਂ ਵਰਕਾ ਪਾੜ ਦਿੱਤਾ।

ਮੈਂ ਮੇਰੀ ਹੰਕਾਰ ਨੂੰ ਸੁੱਟ ਕੇ ਡੂੰਘੇ ਖੂਹ,
ਇਸ਼ਕ ਮੁਸ਼ਕ ਦੀ ਭਾਵਨਾ ਤਾਈਂ ਉਜਾੜ ਦਿੱਤਾ।

ਖ਼ੁਦ ਨੂੰ ਭੁੱਲ ਹੁਣ ਜਿਉਣਾ ਮਿੱਥਿਆ ਦੂਜਿਆਂ ਲਈ,
ਮਾਣ ਸ਼ੁਹਰਤਾਂ ਸਭ ਕੁੱਝ ਖੂੰਜੇ ਵਾੜ ਦਿੱਤਾ।

ਹੁੱਬਿਆ ਰਹਿਣਾ ਹਉਮੈਂ ਵਿੱਚ ਗੱਲ ਠੀਕ ਨਹੀਂ,
ਸਭ ਨੂੰ ਗਿੱਚੀਓਂ ਪਕੜ ਸੰਦੂਕ 'ਚ ਤਾੜ ਦਿੱਤਾ।

ਟੌਹਰ ਤੇ ਮੌਜਾਂ ਭਰੀਆਂ ਸ਼ੋਖ ਹਵਾਵਾਂ ਨੂੰ,
ਦਿਲ 'ਚੋਂ ਕੱਢਕੇ ਅੰਬਰੀਂ ਆਪਾਂ ਚਾੜ੍ਹ ਦਿੱਤਾ।

ਪੱਟ ਦਿੱਤੀ ਜੜ੍ਹ ਦੂਈ ਦਵੈਤਾਂ ਨਫ਼ਰਤ ਦੀ,
ਵੈਰ ਈਰਖਾ ਨੂੰ ਵੀ ਦਿਲੋਂ ਵਿਸਾਰ ਦਿੱਤਾ।

ਤਨ ਮਨ ਕੀਤਾ ਸ਼ੁੱਧ ਓਸ ਦੀ ਰਹਿਮਤ ਨੇ,
ਕਾੜ੍ਹਨੀ ਪਾ ਕੇ ਦੁੱਧ ਵਾਂਗੂੰ ਉਸ ਕਾੜ੍ਹ ਦਿੱਤਾ।

ਤਿਆਗ-ਭਾਵਨਾ ਪਿਆਰ ਵਸਾ ਲਿਆ ਦਿਲ ਅੰਦਰ,
ਲੋਕੀਂ ਆਖਣ ਸਭ ਕੁੱਝ 'ਲੱਖੇ' ਵਿਗਾੜ ਦਿੱਤਾ।




## ਬੇਰੁਜ਼ਗਾਰੀ

ਮੈ ਬੇਰੁਜ਼ਗਾਰੀ ਹਾਂ
ਗੁਨਾਹਗਾਰ ਹਾਂ
ਪੜ੍ਹ ਲਿਖ ਕੇ
ਡਿਗਰੀਆਂ ਲੈਕੇ
ਨੌਕਰੀਆਂ ਲਈ
ਸੜਕਾਂ ਤੇ ਆਉਣਾ
ਰੋਸ ਕਰਨਾ
ਮੇਰਾ ਗਲਤੀ ਹੈ
ਤੁਸੀ ਮੇਰੇ
ਹੁੱਝਾਂ ਮਾਰੋ
ਛੱਲੀਆਂ ਵਾਂਗ ਕੁੱਟੋ
ਪੱਗਾਂ ਰੋਲੋ
ਚੁੰਨੀਆਂ ਲਾਹੋ
ਹੱਥ ਪਾਓ
ਮੈ ਕਿਹੜਾ ਤੁਹਾਡੀ ਕੁਝ ਲਗਦੀ ਹਾਂ
ਨਾਲੇ ਮੈਨੂੰ
ਪਹਿਲੀ ਵਾਰ ਥੋੜਾ
ਕਿਸੇ ਨੇ
ਬੇਕਿਰਕੀ ਨਾ
ਕੁੱਟਿਆ
ਸੁੱਟਿਆ
ਜ਼ਲੀਲ ਕੀਤਾ

ਜਦ ਦੀ ਮੈਂ ਜੰਮੀ ਆ
ਜੇਲ੍ਹਾਂ ਥਾਣੇ ਤੇ ਕੁੱਟ ਹੀ ਦੇਖੀ ਹੈ
ਪਰ ਤੁਸੀ ਭੁੱਲ ਗਏ ਹੋ
ਆਪਣੇ ਦਿਨ
ਜਦ ਤੁਸੀਂ ਵੀ ਮੇਰੇ ਧੀਆਂ ਪੁੱਤ
ਹੁੰਦੇ ਸੀ
ਬੇਰੁਜਗਾਰ
ਮੈ ਬੇਰੁਜਗਾਰੀ ਹਾਂ
ਤੁਸੀ ਮੈਨੂੰ ਭੁੰਨ ਦਿਓ
ਮੁਕਾ ਦਿਓ
ਸ਼ਰੇਆਮ ਖੋਲ੍ਹ ਦਿਓ
ਚਿੱਟੇ ਵਰਗੇ
ਜਾਨ ਲੇਵਾ ਨਸ਼ੇ
ਨੌਜਵਾਨਾਂ ਨੂੰ ਦੇਣਾ
ਸ਼ੁਰੂ ਕਰਦਿਓ
ਨਸ਼ਾ ਭੱਤਾ
ਮਹੀਨੇ ਦਾ ਰਾਸ਼ਨ ਤੇ
ਸੋਸ਼ਲ ਮੀਡੀਆ ਤੇ
ਓਪਨ ਕਰ ਦਿਓ
ਪੋਰਨ ਜਲਵੇ
ਲੁੱਚੇ ਗਾਣੇ
ਨਾ ਬਣਨਗੇ

ਭਗਤ ਸਰਾਭੇ
ਬਾਬੇ ਭਾਈ ਗੁਰਦਿੱਤ
ਨਾ ਜਵਾਨੀ ਪੜ੍ਹੇਗੀ
ਨਾ ਮੰਗੇਗੀ
ਆਪਣੇ ਹੱਕ
ਨਾ ਸੋਚੇਗੀ
ਦੇਸ਼ ਦਾ ਭਵਿੱਖ
ਨਾ ਰਹੇਗਾ ਬਾਂਸ
ਨਾ ਵਜੇਗੀ ਬੰਸਰੀ
ਉਹੀ ਬੁੱਢੇ ਠੇਰੇ
ਨਿੱਜੀ ਮੁਫ਼ਾਦ ਲਈ
ਪਾਰਟੀਆਂ ਦੇ ਲੇਬਲ
ਬਦਲਦੇ ਰਹਿਣ ਗੇ
ਮਾਰੋ ਮਾਰੋ ਮਾਰੋ
ਮੈ ਬੇਰੁਜਗਾਰੀ ਹਾਂ
ਮੈ ਗੁਨਾਹਗਾਰ ਹਾਂ




## ਉਡੀਕ ਸੱਜਣ ਦੀ

ਰੂਹ ਵਿੱਚ ਵੱਸਦਿਆ ਸੱਜਣਾ ਵੇ
ਕਦੇ ਮਿਲ਼ਿਆ ਨਾ ਦੁਬਾਰਾ ਵੇ,
ਈਦ ਲੰਘੀ , ਈਦ ਦਿਆ ਚੰਦਾ
ਲਾ ਤੁਰ ਗਿਓਂ ਝੂਠਾ ਲਾਰਾ ਵੇ।

ਤੇਰੇ ਮਿੱਠੜੇ ਬੋਲ ਚੇਤੇ ਆਉਂਦੇ
ਯਾਦਾਂ ਬਣ ਬਹੁਤ ਸਤਾਉਂਦੇ
ਤੇਰੇ ਜਿਹਾ ਨਾ ਡਿੱਠਾ ਕੋਈ
ਢੂੰਡ ਲਿਆ ਜੱਗ ਸਾਰਾ ਵੇ,

ਤੇਰਾ ਕੋਠੇ ਚੜ੍ਹ ਚੜ੍ਹ ਤੱਕਣਾ
ਜਦੋਂ ਦੂਰੋਂ ਵੇਖ ਕੇ ਹੱਸਣਾ
ਸਾਨੂੰ ਵੀ ਚਾਅ ਚੜ ਜਾਂਦੇ
ਲੱਗਦਾ ਸੀ ਧਰੂ ਤਾਰਾ ਵੇ,

ਮਿੰਨ੍ਹਾ  ਜਿਹਾ ਹੱਸਣਾ ਤੇਰਾ
ਹੁੰਦਾ ਹੈ ਤੈਨੂੰ ਦੇਖ ਸਵੇਰਾ
ਰੱਖਦੀ ਸੀ ਸਾਹਾਂ ਵਿੱਚ ਵਸਾ ਕੇ
ਮੇਰਾ ਚੱਲਿਆ ਨਾ ਕੋਈ ਚਾਰਾ ਵੇ,

ਰਾਂਝਾ ਹੀਰ ਨੂੰ  ਮਿਲ ਜੇ ਜਾਂਦਾ
ਵਿਛੜ ਕੇ  ਨਾ  ਨੀਰ ਵਹਾਂਦਾ
ਪ੍ਰੀਤ ਕਬਜ਼ਾ ਨ੍ਹੀਂ ਪਹਿਚਾਣ  ਹੁੰਦੀ,
ਕਿਓ ਅਗਲੇ  ਜਨਮਾਂ ਦਾ ਲਾਰਾ ਵੇ




## ਸਮਝਦਾਰ

ਆਪਣੇ ਹਾਲਾਤਾਂ ਤੋਂ ਸਿੱਖ ਕੇ
ਹਰ ਕੋਈ ਬੋਲੀ ਜਾਂਦਾ ਏ
ਕਿਸੇ ਨੂੰ ਨੀਵਾਂ ਤੇ
ਕਿਸੇ ਨੂੰ ਉੱਚਾ ਦੱਸੀ ਜਾਂਦਾ ਏ...

ਦੋ ਬੰਦਿਆਂ ਚ ਬਹਿ ਕੇ
ਕੋਈ ਗੱਲ ਉਹ ਕਰੀ ਜਾਂਦਾ ਏ
ਮੈਂ ਸਮਝਦਾਰ ਹਾਂ
ਉਹਨੂੰ ਖੁਦ ਨੂੰ ਲੱਗੀ ਜਾਂਦਾ ਏ...

ਦੂਰ ਬੈਠਾ ਕੋਈ ਤੀਜਾ ਬੰਦਾ,
ਉਸ ਤੇ ਹਸੀ ਜਾਂਦਾ ਏ
ਇਹ ਸਮਝਦਾਰ ਏ?
ਇਹਨੂੰ ਕਿਉਂ ਇਹ ਲੱਗੀ ਜਾਂਦਾ ਏ...

ਤੀਜਾ ਜੱਦ ਕੁੱਝ ਬੋਲਿਆ
ਓਹ ਚੌਥੇ ਨੂੰ ਰੜਕੀ ਜਾਂਦਾ ਏ,
ਚੌਥੇ ਦੀ ਗੱਲ ਸੁਣ ਕੇ ਪੰਜਵਾ,
ਠਹਾਕੇ ਲਾਈ ਜਾਂਦਾ ਏ..

ਸਮਝਦਾਰ ਤਾਂ ਸਾਰੇ ਹੀ ਨੇ
ਫਿਰ ਇਹ ਰੌਲਾ ਕਿਉਂ ਪਈ ਜਾਂਦਾ ਏ?
ਇਸਦਾ ਉੱਤਰ ਤਾਂ
ਪਹਿਲਾਂ ਹੀ ਦੇ ਦਿੱਤਾ
ਕਿ

ਆਪਣੇ ਹਾਲਾਤਾਂ ਤੋਂ ਸਿੱਖ ਕੇ
ਹਰ ਕੋਈ ਬੋਲੀ ਜਾਂਦਾ ਏ
ਕਿਸੇ ਨੂੰ ਨੀਵਾਂ ਤੇ
ਕਿਸੇ ਨੂੰ ਉੱਚਾ ਦੱਸੀ ਜਾਂਦਾ ਏ...




## ਲੇਖ

ਉਹਦੇ ਮੇਰੇ ਤੇ ਕਰਜ਼ ਬੜੇ ਨੇ ।
ਮੇਰੇ ਵੀ ਤਾਂ ਫ਼ਰਜ਼ ਬੜੇ ਨੇ ।

ਆਖਾਂ ਕੀ ਉਹਦੀਆਂ  ਗ਼ਜ਼ਲਾਂ ਨੂੰ,
ਦਿਲ ਨੂੰ ਛੂਹਦੇਂ ਤਰਜ਼ ਬੜੇ ਨੇ ।

ਮੈਥੋਂ ਹਾਂ ਦੇ ਵਿਚ ਨਾ ਹਾਂ  ਹੋਈ
ਉਹਨੇ ਤਾਂ ਕੀਤੇ ਅਰਜ਼ ਬੜੇ ਨੇ,

ਕੀ ਸਿਫ਼ਤ ਕਰਾਂ ਉਹਦੇ ਸਬਰਾਂ ਦੀ,
ਸਿਫ਼ਤਾਂ ਚ ਲਿਖੇ ਸ਼ਬਦ ਬੜੇ  ਨੇ ।

ਉਹ ਮੰਨ ਬੈਠੀ ਖ਼ੁਦਾ ਮੈਨੂੰ,
ਜਜ਼ਬਾਤਾਂ ਅੱਗੇ ਹਾਲਾਤ ਖੜੇ ਨੇ।

ਲੇਖਾਂ ਤੇ ਕੋਈ ਯਕੀਨ ਨਾ ਮੈਨੂੰ,
ਹਿਜਰਾਂ ਵਿੱਚ  ਦੋ ਦਿਲ ਸੜੇ ਨੇ।

ਯਾਰੀ ਪੈ ਗਈ ਹੰਝੂਆਂ ਨਾਲ,
ਨੈਣਾਂ ' ਚੋਂ ਹਰ ਪਲ ਨੀਰ ਝੜੇ ਨੇ ।

ਰਾਣੂ ਦੇਹ ਤਾਂ ਮਿੱਟੀ ਦੀ ਢੇਰੀ,
ਰੱਬ ਨੇ ਐਸੇ  ਲੇਖ ਘੜੇ ਨੇ ।।







ਆਪਣੀਆਂ ਰਚਨਾਵਾਂ ਨੂੰ ਛਪਵਾਉਣ ਲਈ ਹੇਠਾਂ ਦਿੱਤੇ ਗਏ ਨੰਬਰਾਂ ਤੇ ਸੰਪਰਕ ਕਰੋ।

" ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ । ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸਬੰਧਿਤ ਲੇਖਕ ਹੀ ਜ਼ਿੰਮੇਵਾਰ ਹੋਵੇਗਾ , ਅਦਾਰਾ ਜਾਂ ਸੰਪਾਦਕ ਮੰਡਲ ਨਹੀਂ। "

E-mail:- adbivirsat@gmail.com

WHATSAPP NUMBER :- 89689 - 33711 , 98720 - 79212



# ਅਦਬੀ ਵਿਰਾਸਤ

ਅੰਕ 06 , ਸਥਾਪਨਾ -ਦਸੂਹਾ, 05/07/2026 ਦਿਨ ਐਤਵਾਰ (ਨਾਨਕਸ਼ਾਹੀ ਸੰਮਤ 21 ਹਾੜ 558)adbivirsat@gmail.com

## ਗ਼ਜ਼ਲ

ਜੇ ਤੂੰ ਕੀਤਾ ਮੇਰੇ ਨਾਲ,
ਕਰ ਨ੍ਹੀ ਸਕਦਾ ਤੇਰੇ ਨਾਲ।
ਇਹ ਮੈਨੂੰ ਹੀ ਖਾ ਜਾਵੇ ਨਾ ,
ਤਾਂ ਹੀ ਲੜਦਾਂ ਨ੍ਹੇਰੇ ਨਾਲ।
ਪਹਿਲਾਂ ਕੱਲੇ ਤੁਰਨਾ ਪੈਂਦਾ,
ਫਿਰ ਰਲ ਜਾਣ ਬਥੇਰੇ ਨਾਲ।
ਯਾਰਾਂ ਛੱਡੀ ਕਸਰ ਕੋਈ ਨਾ,
ਸੱਟਾਂ ਜਰੀਆਂ ਜੇਰੇ ਨਾਲ।
ਬਾਬੇ ਨੇ ਅਕਲ ਆਪਣੀ ਨਾਲ,
ਲੋਕੀਂ ਜੋੜੇ ਡੇਰੇ ਨਾਲ।
ਰੌਣਕ ਆਈ ਮਾਂ ਦੇ ਮੂੰਹ ਤੇ ,
ਪੁੱਤ ਦੇ ਇੱਕੋ ਫੇਰੇ ਨਾਲ।
ਦਿਲ ਮਿਲਦਾ ਹੁੰਦਾ ਇਕ ਨਾਲ,
ਬੰਦੇ ਤੁਰਨ ਬਥੇਰੇ ਨਾਲ।
ਤੇਰੇ ਦਰ ਤੇ ਆਇਆ 'ਮਾਨ',
ਛੱਡ ਕੇ ਰੋਸਾ ਤੇਰੇ ਨਾਲ।




## ਮੌਸਮ ਆਇਆ ਕੈਸਾ ਹੈ?

ਕਦੀ ਅਕਲੋਂ ਅੰਨ੍ਹੇ ਕਦੀ ਬੋਲੇ ਨੇ,ਕਦੀ ਚੰਟਰ-ਮੰਟਰ ਕਦੀ ਭੋਲੇ ਨੇ।
ਕਦੀ ਕਾਣੇ ਦੇ ਖੋਖਾਂ ਵਾਲੇ ਨੇ,ਗੂੰਗੇ ਬਣ ਜਾਂਦੇ ਜੀਭਾਂ ਵਾਲੇ ਨੇ।
ਹਰ ਪਾਸੇ ਘੋਰ ਨਿਰਾਸ਼ਾ ਹੈ,
ਇਹ ਮੌਸਮ ਆਇਆ ਕੈਸਾ ਹੈ?

ਕਦੀ ਬਗਲੇ ਵਾਂਗੂੰ ਚਿੱਟੇ-ਚਿੱਟੇ ਨੇ,ਅੰਦਰੋਂ ਕੌੜੇ ਬਾਹਰੋਂ ਮਿੱਠੇ ਨੇ।
ਕਦੀ ਜ਼ਹਿਰ ਸਪਰੇਆਂ ਕਰਦੇ ਨੇ,ਉਂਝ ਮੂੰਹਾਂ ਵਿੱਚੋਂ ਫੁੱਲ ਕਿਰਦੇ ਨੇ।
ਹਰ ਪਾਸੇ ਘੋਰ ਨਿਰਾਸ਼ਾ ਹੈ ,
ਇਹ ਮੌਸਮ ਆਇਆ ਕੈਸਾ ਹੈ?

ਕਦੀ ਛੁਰੀਆਂ ਮਾਰੀ ਜਾਂਦੇ ਨੇ,ਨਾਲੇ ਸਿੰਗ ਫਸਾਈ ਜਾਂਦੇ ਨੇ।
ਕਦੀ ਚੋਰ-ਮੋਰੀਆਂ ਪੁੱਟਦੇ ਨੇ,ਫਿਰ ਦੋਹੀਂ ਹੱਥੀਂ ਲੁੱਟਦੇ ਨੇ।
ਹਰ ਪਾਸੇ ਘੋਰ ਨਿਰਾਸ਼ਾ ਹੈ,
ਇਹ ਮੌਸਮ ਆਇਆ ਕੈਸਾ ਹੈ?

ਕਦੀ ਰੱਜਿਆਂ ਨੂੰ ਰਜਾਉਂਦੇ ਨੇ ਅਤੇ ਭੁੱਖਿਆਂ ਨੂੰ ਤੜਫਾਉਂਦੇ ਨੇ।
ਕਦੀ ਥਾਂ-ਥਾਂ ਮੇਲਾ ਪਵਾਉਂਦੇ ਨੇ,ਨਾਲੇ ਹੱਕ ਬਿਗਾਨਾ ਖਾਂਦੇ ਨੇ।
ਹਰ ਪਾਸੇ ਘੋਰ ਨਿਰਾਸ਼ਾ ਹੈ,
ਇਹ ਮੌਸਮ ਆਇਆ ਕੈਸਾ ਹੈ?

ਕਦੀ ਮਾਰਾਂ ਖਾਈ ਜਾਂਦੇ ਨੇ,ਕਦੀ ਮਾਰਾਂ ਮਾਰੀ ਜਾਂਦੇ ਨੇ।
ਪੈਸਾ ਸਭ ਨੂੰ ਨਚਾਈ ਜਾਂਦਾ,ਸਭ ਤੇ ਲੱਤ ਘੁਮਾਈ ਜਾਂਦਾ।
ਹਰ ਪਾਸੇ ਘੋਰ ਨਿਰਾਸ਼ਾ ਹੈ,
ਇਹ ਮੌਸਮ ਆਇਆ ਕੈਸਾ ਹੈ?




## ਇੱਕ ਨਸੀਹਤ

ਕਿਸੀ ਆਸ ਨੂੰ ਦਿਲ ਵਿੱਚ ਜਗਾਓ ,

ਆਪਣੇ ਅਰਮਾਨ ਰੂਪੀ ਬੀਜ ਨੂੰ

ਆਸ ਦੀ ਜ਼ਮੀਨ ਵਿੱਚ ਲਗਾਓ

ਫਿਰ ਇਹ ਨਾ ਸੋਚੋ ਕਿ,

ਬੂਟਾ ਲਗਾ ਕਿ ਨਹੀਂ।

ਬਸ ਇੱਕ ਆਸ ਲਈ ਉਸ ਨੂੰ ਪਾਣੀ ਪਾਈ ਜਾਓ।

ਜੇਕਰ ਸੱਚਾ ਅਰਮਾਨ ਹੈ ਦਿਲ ਵਿੱਚ

ਪਾਉਣ ਲਈ ਕੀਤੀ ਹੈ ਮਿਹਨਤ ,

ਫਿਰ ਕਰ ਕੀ ਬੂਟੇ ਨੂੰ ਫਲ ਲੱਗੇਗਾ ਹੀ...




## ਰਾਸ਼ਟਰੀ ਡਾਕਟਰ ਦਿਵਸ ਮੁਬਾਰਕ




ਇਨਸਾਨੀਅਤ ਦੇ ਕਿੱਤੇ ਨੂੰ ਸ਼ਿੱਦਤ ਨਾਲ ਨਿਭਾਉਂਦੇ ਨੇ,
ਦਰਦਾਂ ਦੇ ਘੁੱਪ ਹਨੇਰਿਆਂ 'ਚ ਫ਼ਰਿਸ਼ਤੇ ਬਣ ਕੇ ਆਉਂਦੇ ਨੇ।

ਰੋਗ ਤੇ ਪੀੜਾ ਦੀ ਵਾੜ ਦੇ ਕੇ ਨਿਵਾਰੇ ਨੇ ਡਾਕਟਰ,
ਆਪਣੀ ਸੇਵਾ ਸਦਕਾ ਕਿੰਨੇ ਘਰ ਆਬਾਦ ਬਣਾਉਂਦੇ ਨੇ।

ਸਰੀਰ ਕੈਦ ਦੇ ਅੰਦਰ ਵੀ ਧੜਕਦਾ ਇੱਕ ਦਿਲ ਹੁੰਦਾ,
ਲੋਕਾਂ ਦੇ ਦੁੱਖ-ਦਰਦਾਂ ਨੂੰ ਮਨ ਆਪਣੇ'ਤੇ ਹੰਢਾਉਂਦੇ ਨੇ।

ਕਿਸੇ ਦੀ ਮੁੱਕਦੀ ਧੜਕਣ ਨੂੰ ਹਿੰਮਤ ਤੇ ਉਮੀਦ ਦੇ ਕੇ,
ਮੌਤ ਦੇ ਬੂਹਿਉਂ ਹੋ ਕੇ ਜੀਵਨ ਦੀ ਜੋਤ ਜਗਾਉਂਦੇ ਨੇ।

ਚੜ੍ਹਦੇ ਸੂਰਜ ਤੋਂ ਲੈ ਕੇ ਤਾਰਿਆਂ ਦੇ ਚਮਕਣ ਤੱਕ,
ਫ਼ਰਜ਼ਾਂ ਦੀ ਰਾਹ 'ਤੇ ਤੁਰਦੇ ਸਾਰੀ ਉਮਰ ਲੰਘਾਉਂਦੇ ਨੇ।

ਟੁੱਟੀ ਤੰਦ ਨੂੰ ਜੋੜ ਕੇ ਹਿੰਮਤ ਤੇ ਹੌਸਲੇ ਵੰਡਦੇ ਸੀ,
ਬੁਝੇ ਹੋਏ ਮਨਾਂ ਅੰਦਰ ਨਵਾਂ ਵਿਸ਼ਵਾਸ ਜਗਾਉਂਦੇ ਨੇ।

ਦੁਆਵਾਂ ਦੀ ਅਸਲ ਦੌਲਤ ਸੇਵਾ ਦੇ ਮਰੀਜ਼ਾਂ ਲਈ,
ਜੋ ਰੋਂਦੀ ਅੱਖ ਦੇ ਹੰਝੂ ਨੂੰ ਚੁੱਪਚਾਪ ਮੁਸਕਾਨ ਬਣਾਉਂਦੇ ਨੇ।

ਜਦੋਂ ਹਰ ਪਾਸੇ ਉਮੀਦਾਂ ਦੇ ਚਿਰਾਗ਼ ਬੁਝਣ ਲੱਗ ਪੈਂਦੇ,
ਹੌਸਲਿਆਂ ਨਾਲ ਡਾਕਟਰ ਉਮੀਦਾਂ ਦੇ ਦੀਪ ਜਗਾਉਂਦੇ ਨੇ।

"ਕਲੇਰ" ਸਿਰ ਝੁਕਾ ਕੇ ਕਰੇ ਸਲਾਮਾਂ ਡਾਕਟਰਾਂ ਦੀ ਸੇਵਾ ਨੂੰ,
ਜੋ ਆਪਣੀ ਸੁਖ ਭੁੱਖ ਨਾਲ ਕੀਮਤੀ ਜਾਨਾਂ ਬਚਾਉਂਦੇ ਨੇ।




## ਮਜ਼ਦੂਰ

ਉੱਠਿਆ ਤੇ ਹੱਥ ਡੰਡਾ ਫੜਿਆ
ਸੋਚਦਾ ਜਾ ਰਿਹਾ ਸੀ
ਹੱਥਾਂ'ਚ ਛਾਲੇ ਪੈਣਗੇ
ਜਾਂ ਫਿਰ ਅੱਜ ਰੋਟੀ ਤੋਂ ਵਿਰਵਾ ਰਹੇਗਾ।

ਤਸਲਾ ਚੁੱਕ ਕੇ ਗਾਰੇ ਦਾ ਭਰਿਆ
ਪੰਧ ਹੌਲੀ ਹੌਲੀ ਅੱਗੇ ਕਰ ਰਿਹਾ
ਕੀ ਪਤਾ ਮਾਲਿਕ ਖੁਸ਼ ਹੋ ਜਾਵੇ
ਅਤੇ ਕਹੇ ਤੇਰਾ ਭਾਰ ਉਹ ਸਹੇਗਾ।

ਦੁਪਹਿਰ ਵੇਲੇ ਨੇ ਦਸਤਕ ਦਿੱਤੀ
ਪੇਟ ਦੀ ਅੱਗ ਸੀ ਭੜਕ ਉੱਠੀ
ਪਰ ਡਰ ਰਿਹਾ ਸੀ ਕੀ ਨਿਕਲੇਗਾ
ਜਦ ਡੱਬੇ ਦਾ ਢੱਕਣ ਲਹੇਗਾ।

ਸ਼ਾਮ ਵੇਲੇ ਘਰ ਨੂੰ ਮੁੜਿਆ
ਫਿਰ ਸੋਚਾਂ ਨੇ ਘੇਰ ਲਿਆ
ਪੁੱਤਰ ਮੰਗਦਾ ਦੇ ਰੋਜ਼ ਖਿਡਾਉਣੇ
ਮੈਂ ਕੱਲ ਲੈ ਕੇ ਆਂਵਗਾਂ ਬਸ ਇਹੀ ਕਹੇਗਾ।

ਵਿੱਚ ਜਵਾਨੀ ਨਾ ਤੱਕੀ ਖ਼ੁਸ਼ੀ
ਅਧਖੜ ਉਮਰੇ ਲੱਗੀ ਬਿਮਾਰੀ
ਬਹਿਣ ਨੂੰ ਹੋਰ ਕੁਝ ਬਚਿਆ ਨਹੀਂ
ਮਜ਼ਦੂਰ ਬਸ ਮਜ਼ਦੂਰ ਰਹੇਗਾ।




## ਬਾਪੂ

ਬਾਪੂ ਤਾਂ ਉਸ ਸੂਰਜ ਵਾਂਗ ਹੈ ,
ਜੋ ਤਪਦਾ ਹੈ ,ਸੜਦਾ ਹੈ,
ਦੁਨੀਆਂ ਨੂੰ ਰੌਸ਼ਨ ਦਿੰਦਾ ਹੈ,ਚਾਨਣ ਵੰਡਦਾ ਹੈ।
ਆਪਣੇ ਪਰਿਵਾਰ ਨੂੰ ਪਾਲਣ ਲਈ,
ਦਿਨ ਰਾਤ ਮਿਹਨਤ ਕਰਦਾ ਹੈ,
ਜਿਵੇਂ ਸੂਰਜ ਨਿੱਤ ਚੜ੍ਹਦਾ, ਨਿੱਤ ਡੁੱਬਦਾ ਹੈ,
ਮੇਰਾ ਬਾਪੂ ਵੀ ਸਵੇਰੇ ਘਰੋਂ ਨਿਕਲਦਾ ਹੈ,
ਰੋਜ਼ੀ- ਰੋਟੀ ਦੇ ਆਹਰ ਲਈ ਤੇ,
ਸ਼ਾਮ ਨੂੰ ਥੱਕ ਟੁੱਟ ਕੇ ਘਰ ਵੜਦਾ ਹੈ।
ਬਾਪੂ ਤਾਂ ਸੂਰਜ ਵਾਂਗ ਹੈ
ਜੋ ਤਪਦਾ ਹੈ ਸੜਦਾ ਹੈ......।
ਮੇਰਾ ਬਾਪੂ ਬਹੁਤਾ ਬੋਲਦਾ ਨਹੀਂ,
ਆਪਣੇ ਸੁਪਨਿਆਂ ਦੀ, ਆਪਣੀਆਂ ਲੋੜਾਂ ਦੀ,
ਆਪਣੀਆਂ ਖਾਹਿਸ਼ਾਂ ਦੀ,
ਕੋਈ ਗੱਲ ਨਹੀਂ ਕਰਦਾ,
ਪਰ ਪਰਿਵਾਰ ਦੇ ਹਰ ਮੈਂਬਰ ਦੇ,
ਸੁਪਨਿਆਂ ਦਾ, ਲੋੜਾਂ ਦਾ ਤੇ ਖਾਹਿਸ਼ਾਂ ਦਾ,
ਸਦਾ ਰੱਖਦਾ ਪੂਰਾ ਖਿਆਲ ਹੈ,
ਬਾਪੂ ਤਾਂ ਉਸ ਸੂਰਜ ਵਾਂਗ ਹੈ......।
ਸੂਰਜ ਜਿਵੇਂ ਕੁਦਰਤ 'ਚੋਂ ਆਨੰਦ ਮਾਣਦਾ ਹੈ,
ਬਾਪੂ ਵੀ ਆਪਣੇ ਪਰਿਵਾਰ ਨੂੰ ਖੁਸ਼ ਦੇਖ ਕੇ ਮੌਜਾਂ ਮਾਣਦਾ ਹੈ,
ਫਟੇ -ਪੁਰਾਣੇ ਕੱਪੜੇ ਪਾ ਕੇ, ਰੁੱਖੀ -ਸੁੱਖੀ ਰੋਟੀ ਖਾ ਕੇ,
ਉਹ ਰੱਬ ਦਾ ਸ਼ੁਕਰ ਮਨਾਉਂਦਾ ਹੈ,
ਕਿੰਨੀਆਂ ਹੀ ਉਹ ਆਪਣੀਆਂ ਲੋੜਾਂ ਨੂੰ ਆਪਣੇ ਅੰਦਰ ਦਬਦਾ ਹੈ,
ਪਰ ਉਹ ਕਦੇ ਕਿਸੇ ਨੂੰ ਕੋਈ ਸ਼ਿਕਾਇਤ ਨਾ ਕਰਦਾ ਹੈ,
ਉਹ ਤਾਂ ਆਪਣੇ ਬੱਚਿਆਂ ਦੀ ਖੁਸ਼ੀ ਵਿੱਚੋਂ ਹੀ ਆਪਣੀ ਖੁਸ਼ੀ ਲੱਭਦਾ ਹੈ,
ਬਾਪੂ ਤਾਂ ਉਸ ......।
ਸੱਚ ਆਖਾਂ ਉਏ! ਦੁਨੀਆਂ ਵਾਲਿਓ,
ਬਾਪੂ ਜਿਹੀ ਕੋਈ ਹਸਤੀ ਨਹੀਂ,
ਜੋ ਖੁਦ ਮਘਦਾ ਹੈ, ਸੂਰਜ ਵਾਂਗੂੰ,
ਆਪਣੇ ਪਰਿਵਾਰ ਨੂੰ ਖੁਸ਼ਹਾਲ ਬਣਾਉਣ ਲਈ,
ਕਰਜ਼, ਉਹਦਾ ਕੋਈ ਲਾਹ ਨਹੀਂ ਸਕਦਾ,
ਆਪਣਾ ਆਪਾ ਵਾਰ ਕੇ ਵੀ,
ਬਾਪੂ ਤਾਂ ਉਸ ਸੂਰਜ ਵਾਂਗ ਹੈ,
ਜੋ ਤਪਦਾ ਹੈ,ਸੜਦਾ ਹੈ,
ਆਪਣੇ ਪਰਿਵਾਰ ਨੂੰ ਪਾਲਣ ਲਈ।




## ਕਰ ਵਾਅਦਾ

ਕਰਮਾਂ ਸੰਦੜਾ ਖੇਤ ਇਹ ਦੁਨੀਆ ਸਭ ਕੁਝ ਪਰਤ ਕੇ ਆਵੇਗਾ,
ਕੌਣ ਫਿਰ ਤੇਰਾ ਦਰਦ ਸੁਣੇਗਾ ਕਿਸ ਅੱਗੇ ਬਾਤਾਂ ਪਾਵੇਂਗਾ।

ਜਦ ਅੱਗੇ ਆਉਣੀਆਂ ਸਹਿ ਨਹੀਂ ਹੋਣਾ ਕਿਸ ਅੱਗੇ ਜਾ ਕੁਰਲਾਵੇਂਗਾ,
ਚੀਖ ਪੁਕਾਰ ਤੇਰੀ ਕਿਸੇ ਨਾ ਸੁਣਨੀ ਕੀਤੀਆਂ ਜਦ ਹੰਢਾਵੇਂਗਾ।

ਖਾਲਸ ਸੋਨਾ ਜੇਕਰ ਬਣਨਾ ਕਰ ਵਾਅਦਾ ਸਭ ਸਹਿ ਜਾਵੇਂਗਾ,
ਪਰਖ ਤੇ ਨਹੀਂ ਕਦੇ ਵਾਰ ਕਰੇਂਗਾ ਭਾਣੇ ਵਿੱਚ ਆ ਜਾਵੇਂਗਾ।

ਮਾੜਾ ਚੰਗਾ ਨਹੀਂ ਬੋਲੇਂਗਾ ਬਸ ਆਪਣਾ ਸੋਧਾ ਜਾਵੇਂਗਾ,
ਦੂਜਿਆਂ ਵੱਲ ਨਹੀਂ ਕਰੇਂਗਾ ਉਂਗਲ ਤਿੰਨ ਆਪਣੀਆਂ ਤੋਂ ਬਚ ਜਾਵੇਂਗਾ।

ਕਿਸੇ ਦੀ ਨਹੀਂ ਤੂੰ ਪਰਖ ਕਰੇਂਗਾ ਬਸ ਆਪਣਾ ਆਪ ਸਵਾਰੇਂਗਾ,
ਦੂਜਿਆਂ ਨੂੰ ਟਟਕਾਉਣਾ ਛੱਡ ਕੇ ਪੀੜੀ ਥੱਲੇ ਸੋਟਾ ਲਾਵੇਂਗਾ।

'ਸੰਜੀਵ' ਸਭਨਾ ਨੂੰ ਜੇਕਰ ਮੁਆਫ਼ ਕਰੇਂਗਾ ਤਾਂ ਹੀ ਉਸਨੂੰ ਭਾਵੇਂਗਾ,
ਕੌਲ ਕਰ ਦਿਲ ਤੋਂ ਕਹੀਂ ਜੇ ਤੈਥਾ ਤਾਂ ਹੀ ਬਖਸ਼ਿਆ ਜਾਵੇਂਗਾ।




## ਬੁਢਾਪਾ ਰੋਗ ਤੇ ਇਲਾਜ

ਰੋਗ
ਭੈਣਿਓ ਮੈਨੂੰ ਬਾਬਾ ਆਖੇ,
ਮੈਂ ਸੱਠਾਂ ਤੋਂ ਪਾਰ ਹੋ ਗਿਆ।
ਮੈਨੂੰ ਤੁਸੀਂ ਬੇਕਾਰ ਨਾ ਸਮਝੋ,
ਗੁਣਾਂ ਤੋਂ ਸੱਖਣਾ ਵਿਚਾਰ ਨਾ ਸਮਝੋ,
ਪੈਨਸ਼ਨ ਮੇਰੀ ਕਰੇ ਗੁਜ਼ਾਰਾ,
ਇਹ ਆਪਣਾ ਅਧਿਕਾਰ ਨਾ ਸਮਝੋ
ਜ਼ਿੰਦਗੀ ਵਾਲੇ ਖੰਟੇ ਖਿੱਚੇ,
ਜ਼ਿੰਦਗੀ ਗੁਣਾਂ ਭੰਡਾਰ ਹੋ ਗਿਆ।

ਕਾਰਨ
ਆਖੋ ਪੁੱਤਰੋ ਮੈਨੂੰ ਪੁੱਛੋ,
ਸੰਸਾਰ ਰਸ ਕਿਵੇਂ ਨਿਭਾਉਂਦੇ?
ਪੁੱਛੋ ਕਿਥੇ ਤੇ ਕਾਹਾ ਮੈਨੂੰ,
ਬੱਚੇ ਪਲਦੇ ਕਿੱਥੇ ਪਾਉਂਦੇ?
ਕਿਆ ਜਾਈ, ਘਰ ਕਿਵੇਂ ਹੈ ਚਲਦਾ?
ਕਿਵੇਂ ਪਾਲਣੇ ਕਿਵੇਂ ਖਿਡਾਉਂਦੇ?
ਮੈਂ ਪੁੱਤਰੋ ਘਰ ਹੱਥੀਂ ਸੀਤਾ,
ਵੇਲਾ ਤਾਂ ਸਿਰ ਭਾਰ ਹੋ ਗਿਆ।

ਸੋਚ ਤੋਂ ਇਲਾਜ
ਅਜੇ ਨਾ ਮੈਨੂੰ ਬੁੱਢਾ ਜਾਣੋ,
ਉਸ ਹੀ ਰੋਟੀ ਕਰੀ ਪੁਰਾਣੀ,
ਟੋਰੋ ਰੋਟੇ, ਪਿੰਡ ਹੋਈ ਰੁੱਖੀ,
ਅੱਖਾਂ ਵਿੱਚੋਂ ਵਗਦਾ ਪਾਣੀ,
ਤੇਰਾ ਬੁਢਾਪੀ ਹੱਥ ਕੰਬਦੇ ਨੇ,
ਐਸੀ ਰੋਟੀ ਰੋਟੀ ਖਾਣੀ,
ਅਕਲ ਤੋਂ ਅਜੇ ਮੈਂ ਅਹਲਾਵੰਦ,
ਉਸ ਤੁਸੀਂ ਅਧਿਕਾਰ ਹੋ ਗਿਆ।

ਹੱਲ
ਆਪਣਾ ਆਪ ਸਮਝ ਕੇ ਚੰਗਾ,
ਤਜੁਰਬੇ ਮਨ ਨਾ ਜਾਣੀ।
ਸਾਰਥ ਕਿਸਾਂ ਨਾ ਸੁੱਟੋ ਬਾਹਰੀਂ,
ਗੁਣਾਂ ਨਾ ਮੁੱਲ ਪਾਈਂ।
ਕੋਈ ਸਾਰਥ ਤਾਂ ਲੱਖ ਲੱਖ ਦੇਈ,
ਗੁਣ ਦੱਸ ਪੁੱਤ ਬਣਾਈਂ।
ਉਹ ਮੰਨੇ ਤੁਸੀਂ ਸਿੱਖ ਕਰੇ ਨਾ,
ਦਵੀ ਤੇ ਭੁੱਲ ਜਾਈਂ।
ਆਪਣੀ ਸਿੱਧ ਤਿਆਗ ਕੇ ਦੇਖੋ,
ਸੁਖੀ ਕਿਵੇਂ ਪਰਿਵਾਰ ਹੋ ਗਿਆ?

ਸਾਰ
ਦੁਨੀਆਂ ਤਾਈਂ ਅਕਲ ਆਪਣੀ ਦਾ
ਸਿੱਕਾ ਨਾ ਮਨਵਾਈਂ।
ਵੱਧਣ ਦੀ ਥਾਂ ਖੁਦ ਹੀ ਸਭ ਲਈ,
ਸਮਾਜ ਦੇ ਲੇਖੇ ਲਾਈਂ।
ਜਿਨਾ ਕਦੀਰ ਉਠਾ ਸਕਦਾ ਹੈ,
ਉਨਾ ਜ਼ਰੂਰ ਉਠਾਈਂ।
ਭੈਣੂ ਮਾਤਮਾ ਭਾਰ ਰਲ ਜਾਣਾ,
ਪਰਚਿਆ ਜਦ ਸੰਸਾਰ ਹੋ ਗਿਆ।




## ਚਾਹ ਜੋਗਾ ਦੁੱਧ

ਜਦੋਂ ਮੈਂ ਆਪਣੇ ਵੇਲੇ ਨੂੰ ਚੇਤੇ ਕਰਦਾ ਹਾਂ ਤਾਂ ਆਪਣੇ-ਆਪ ਮਨ ਵਿੱਚੋਂ ਅਵਾਜ਼ ਆਉਂਦੀ ਹੈ।ਬਹੁਤ ਸੋਹਣਾ ਵੇਲਾ ਸੀ । ਸਾਂਝਾਂ ਬਹੁਤ ਗੂੜ੍ਹੀਆਂ ਸੀ। ਜਦੋਂ ਕਿਸੇ ਨੂੰ ਕਿਸੇ ਚੀਜ਼ ਦੀ ਜ਼ਰੂਰਤ ਪੈਂਦੀ ਸੀ ਤਾਂ ਉਧਾਰੀ ਦੇ ਕੇ ਡੰਗ ਸਾਰਿਆ ਜਾਂਦਾ ਸੀ।

ਮੈਨੂੰ ਯਾਦ ਹੈ ਸਾਡੇ ਘਰ ਵਿੱਚ ਮੱਝ ਦੁੱਧ ਦੇਣ ਤੋਂ ਹਟ ਗਈ ਸੀ। ਚਾਹ ਜੋਗਾ ਦੁੱਧ ਮੇਰੇ ਤਾਇਆ ਜੀ ਮਿੱਠੂ ਸਿੰਘ ਦੇ ਘਰ 'ਚੋਂ ਸੁਬਹਾ-ਸ਼ਾਮ ਖੁਦ ਦੁੱਧ ਲੈ ਕੇ ਆਉਂਦਾ ਸੀ।

ਜਦੋਂ ਉਹਨਾ ਦੇ ਘਰ ਵਿੱਚ ਉਹਨਾ ਦੀ ਗਾਂ ਦੁੱਧ ਦੇਣ ਤੋਂ ਹਟ ਗਈ ਸੀ । ਇੱਧਰ ਸਾਡੀ ਮੱਝ ਸੂਹ ਪਈ ਸੀ। ਫਿਰ ਅਸੀਂ ਸਾਲ-ਭਰ ਚਾਹ ਜੋਗਾ ਦੁੱਧ ਦੇਣਾ ਸ਼ੁਰੂ ਕਰ ਦਿੱਤਾ ਸੀ। ਅਸੀ ਇਸ ਤਰ੍ਹਾਂਇੱਕ-ਦੂਸਰੇ ਦਾ ਡੰਗ ਸਾਰਿਆ ਦੁੱਧ ਮੁੱਲ ਨਾ ਲੈਣਾ ਪਿਆ। ਉਧਾਰੇ ਦੁੱਧ ਦਾ ਬਹੁਤ ਵੱਡਾ ਤੇ ਡੂੰਘਾ ਅਰਥ ਸੀ । ਜਿਸ ਦੀ ਹੁਣ ਸਮਝ ਆਈ ।ਇਹ ਪਿਆਰ ਸਾਂਝ ਮਿਲਵਰਤਨ ਦਾ ਪ੍ਰਤੀਕ ਸੀ।ਅੱਜ ਦੇ ਸਮੇਂ ਵਿੱਚ ਵੇਖਣ ਨੂੰ ਨਹੀਂ ਮਿਲਦੀ। ਉਹ ਸਮਾਂ ਵਾਪਿਸ ਨਹੀਂ ਆਵੇਗਾ ਜਿੰਦਗੀ ਦੇ ਤਹਿਖਾਨਿਆ ਵਿੱਚ ਸਮਾਇਆ ਰਹੇਗਾ ਕਦੇ-ਕਦੇ ਫਲੈਸ਼ਟ 'ਤੇ ਯਾਦ ਆਉਂਦੀ ਰਹੇਗੀ।




ਆਪਣੀਆਂ ਰਚਨਾਵਾਂ ਨੂੰ ਛਪਵਾਉਣ ਲਈ ਹੇਠਾਂ ਦਿੱਤੇ ਗਏ ਨੰਬਰਾਂ ਤੇ ਸੰਪਰਕ ਕਰੋ।




" ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ । ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸਬੰਧਿਤ ਲੇਖਕ ਹੀ ਜ਼ਿੰਮੇਵਾਰ ਹੋਵੇਗਾ , ਅਦਾਰਾ ਜਾਂ ਸੰਪਾਦਕ ਮੰਡਲ ਨਹੀਂ। "




E-mail:- adbivirsat@gmail.com

WHATSAPP NUMBER :- 89689 - 33711 , 98720 - 79212

# ਅਦਬੀ ਵਿਰਾਸਤ

ਅੰਕ 06 , ਸਥਾਪਨਾ -ਦਸੂਹਾ, 05/07/2026 ਦਿਨ ਐਤਵਾਰ (ਨਾਨਕਸ਼ਾਹੀ ਸੰਮਤ 21 ਹਾੜ 558)adbivirsat@gmail.com


## ਪੁਤਲਾ ਕਿਵੇਂ ਸਾੜਾਂ ?

ਤੇਰੇ ਦੱਸ ਸਿਰ ਚੋੜੀ ਛਾਤੀ ਤੇ ਹੱਥ ਵਿਚ ਤੇਜ਼ਧਾਰ ਤਲਵਾਰ।
ਅੱਖਾਂ ਦਾ ਜਨੂੰਨ ਦਸਦਾ, ਰਿਹਾ ਸੀ ਵੈਰੀ ਨੂੰ ਤੂੰ ਵੰਗਾਰ।

ਜਾਣਦਾ ਤੂੰ ਸੀ ਸਾਰੀ ਦੁਨੀਆ ਦੇ ਭੇਦ।
ਉਚਾਰਦਾ ਸੀ ਅਪਣੀਆਂ ਉਂਗਲਾ ਤੇ ਚਾਰੇ ਵੇਦ।

ਕਿਵੇਂ ਸਾੜਦੇ ਨੇ ਇਕੱਠੇ ਹੋ ਕੇ ਤੈਨੂੰ ਬਹੁਤ ਸਾਰੇ ਸਖ਼ਸ?
ਤੁਲਨਾ ਕਰਦਾ ਮੈਂ ਜੇਕਰ ਤੇਰੀ ਮੈਨੂੰ ਲੱਗਦਾ ਤੇਰਾ ਬਹੁਤ ਵੱਡਾ ਅਕਸ।

ਦੱਸ ਸਿਰ ਵੱਢ ਵੱਢ ਤੂੰ ਕਿੱਤੇ ਅਗਨੀ ਦੇ ਸਪੁਰਦ।
ਕੌਣ ਰੱਖਦਾ ਅੱਜ ਵੀ ਇਹ ਸੱਭ ਕਰਨ ਦੀ ਜੁਰਤ?

ਕੀਤਾ ਨਹੀਂ ਮੈਂ ਜ਼ਿੰਦਗੀ ਵਿਚ ਕੋਈ ਵੀ ਤੇਰੇ ਬਰਾਬਰ ਕਾਰਾ?
ਕਿਸੇ ਨੂੰ ਮੈਂ ਕੁਝ ਕਹਿੰਦਾ ਨਹੀਂ ਪਰ ਮੈਂ ਤੇਰਾ ਪੁਤਲਾ ਕਿਵੇਂ ਸਾੜਾਂ?




## ਕੋਰੜਾ ਛੰਦ

ਵੇਖੋ ਕਿੰਨਾ ਲੋਭੀ, ਹੋ ਗਿਆ ਮਨੁੱਖ ਜੀ।
ਲਾਲਚ ਦੇ ਵੱਸ,ਵੱਢੀ ਜਾਵੇ ਰੁੱਖ ਜੀ।
ਇੱਕ ਦੂਜੇ ਤਾਈਂ,ਸਮਝਾਊ ਵੀਰਨੋ।
ਇੱਕ ਇੱਕ ਰੁੱਖ, ਸਾਰੇ ਲਾਊ ਵੀਰਨੋ।

ਮਾਂਵਾਂ ਵਰਗੀ ਠੰਡੀ, ਦੇਣ ਛਾਂ ਰੁੱਖ ਜੀ।
ਮਿੱਠੇ ਫਲ ਖਾ ਕੇ,ਹੁੰਦੀ ਦੂਰ ਭੁੱਖ ਜੀ।
ਫ਼ਲਦਾਰ ਬੂਟੇ ਵੀ,ਲਗਾਊ ਵੀਰਨੋ।
ਇੱਕ ਇੱਕ ਰੁੱਖ ਸਾਰੇ ਲਾਊ ਵੀਰਨੋ।

ਆਕਸੀਜਨ ਦਾ ,ਪਿੱਪਲ ਭੰਡਾਰ ਜੀ।
ਆਲ੍ਹਣੇ ਬਣਾਉਂਦੇ, ਪੰਛੀ ਹਜ਼ਾਰ ਜੀ।
ਪੰਛੀਆਂ ਦੇ ਆਲ੍ਹਣੇ, ਨਾ ਢਾਊ ਵੀਰਨੋ।
ਇੱਕ ਇੱਕ ਰੁੱਖ ਸਾਰੇ ਲਾਊ ਵੀਰਨੋ।

ਨਾਲ ਲਾ ਕੇ ਅੰਗ, ਅਸੀਂ ਰਹੇ ਸਾਂਭ ਜੀ।
ਵਾਤਾਵਰਨ ਵਿੱਚ, ਪਾਇਆ ਵਿਗਾੜ ਜੀ।
ਧਰਤੀ ਨੂੰ ਬਾਂਝ ਨਾ, ਬਣਾਊ ਵੀਰਨੋ।
ਇੱਕ ਇੱਕ ਰੁੱਖ, ਸਾਰੇ ਲਾਊ ਵੀਰਨੋ।

ਸਉਣ ਦੇ ਮਹੀਨੇ, ਤੀਆਂ ਲਾਉਣ ਕੁੜੀਆਂ।
ਪਿੱਪਲ ਦੇ ਉੱਤੇ , ਪੀਂਘਾਂ ਪਾਉਣ ਕੁੜੀਆਂ।
ਉਹਨਾਂ ਸੰਗ ਖੁਸ਼ੀਆਂ,ਮਨਾਊ ਵੀਰਨੋ।
ਇੱਕ ਇੱਕ ਰੁੱਖ, ਸਾਰੇ ਲਾਊ ਵੀਰਨੋ।

ਲੱਖਾਂ ਸਾਨੂੰ ਲਾਭ,ਵੀਰੋ ਇਹਨਾਂ ਰੁੱਖਾਂ ਦੇ।
ਜੀਵਨ ਭਰ ਦੇ,ਸਾਥੀ ਨੇ ਮਨੁੱਖਾਂ ਦੇ।
ਰੁੱਖਾਂ ਉੱਤੇ ਆਰੇ, ਨਾ ਚਲਾਊ ਵੀਰਨੋ।
ਇੱਕ ਇੱਕ ਰੁੱਖ, ਸਾਰੇ ਲਾਊ ਵੀਰਨੋ।

ਵਧ ਰਹੀ ਤਪਸ਼, ਹੁੰਦੀ ਨਾ ਸਹਾਰ ਜੀ।
ਬਿਜਲੀ ਤੋਂ ਬਿਨਾਂ,ਮੱਚੇ ਹਾਹਾਕਾਰ ਜੀ।
ਰੁੱਖ ਲਾ ਕੇ ਠੰਢਕ,ਵਧਾਊ ਵੀਰਨੋ।
ਇੱਕ ਇੱਕ ਰੁੱਖ ਸਾਰੇ ਲਾਊ ਵੀਰਨੋ।




## ਸ਼ਹੀਦਾਂ ਦੇ ਸਿਰਤਾਜ

ਸ਼ਹੀਦਾਂ ਦੇ ਸਿਰਤਾਜ ਦੀ ਗਾਥਾ ਸੁਣ ਰੂਹ ਨੂੰ ਕੰਬਾਇਆ ਸੀ,
ਤਪਦੀ ਸੀ ਧਰਤੀ ,
ਅੱਗ ਵਾਂਗ ਅਸਮਾਨ ਗਰਮਾਇਆ ਸੀ,
ਮਈ ਦੇ ਮਹੀਨੇ ਗਰਮੀ ਦਾ ਕਹਿਰ ਵਰਸਾਇਆ ਸੀ,
ਜਾਲਮਾਂ ਨੇ ਗੁਰੂ ਜੀ ਨੂੰ ਜੇਲ ਵਿੱਚ ਨਜ਼ਰਬੰਦ ਕਰਾਇਆ ਸੀ ,
ਪਾਪੀ ਜਹਾਂਗੀਰ ਨੇ ਜੁਲਮ ਕਮਾਇਆ ਸੀ,
ਗੁਰੂ ਜੀ ਨੂੰ ਚੰਦੂ ਦੇ ਹਵਾਲੇ ਕਰ ਆਇਆ ਸੀ,
ਚੰਦੂ ਪਾਪੀ ਨੇ ਵੀ ਪੂਰਾ ਪਾਪ ਕਮਾਇਆ ਸੀ,
ਗੁਰੂ ਜੀ ਨੂੰ ਉਬਲਦੀਆਂ ਦੇਗਾਂ ਵਿੱਚ ਪਾਇਆ ਸੀ ,
ਹਾਏ ਵੇ ਚੰਦੂ ਪਾਪੀਆ ਤੈਨੂੰ ਤਰਸ ਨਾ ਆਇਆ ਸੀ?
ਪੰਜ ਦਿਨ ਗੁਰੂ ਜੀ ਤੇ ਪੂਰਾ ਕਹਿਰ ਢਾਇਆ ਸੀ ,
ਤੱਤੀ ਤਵੀ ਤੱਤੀ ਰੇਤ ਨੂੰ ਸਿਰ ਵਿੱਚ ਪਾਇਆ ਸੀ,
ਪਰ ਗੁਰੂ ਜੀ ਨੇ ਮੁੱਖ ਵਿੱਚੋਂ ਸੀ ਨਾ ਉਚਰਾਇਆ ਸੀ,
ਸ਼ਹੀਦਾਂ ਦੇ ਸਰਤਾਜ ਗੁਰੂ ਸਤਿਨਾਮ ਧਿਆਇਆ ਸੀ,
ਵੇਖ ਸਾਰੇ ਜ਼ੁਲਮਾਂ ਨੂੰ ਦੁਨੀਆਂ ਨੂੰ ਰਵਾਇਆ ਸੀ ,
ਫਿਰ ਵੀ ਪਾਪੀਆਂ ਨੂੰ ਸਬਰ ਨਾ ਆਇਆ ਸੀ ,
ਜ਼ੁਲਮ ਦੇ ਕਹਿਰ ਵਿੱਚ ਗੁਰੂ ਜੀ ਨੂੰ, ਰਾਵੀ ਦੇ ਪਾਣੀ ਵਿੱਚ ਪਾਇਆ ਸੀ,
ਪਰ ਮੇਰੇ ਸੱਚੇ ਪਾਤਸ਼ਾਹ ਮੁੱਖੋਂ ਵਾਹਿਗੁਰੂ ਧਿਆਇਆ ਸੀ,
ਗੁਰੂ ਸਰੀਰ ਅਲੋਪ ਕਰ ਸ਼ਹੀਦੀਆਂ ਨੂੰ ਪਾਇਆ ਸੀ,
ਤੇਰਾ ਭਾਣਾ ਮੀਠਾ ਲਾਗੇ ਮੁੱਖ ਚੋਂ ਧਿਆਇਆ ਸੀ ,
ਤੇਰਾ ਭਾਣਾ ਮੀਠਾ ਲਾਗੇ ਗੁਰਾ ਮੁੱਖ ਚੋਂ ਧਿਆਇਆ ਸੀ।




## ਇਸ਼ਕ ਹਮਕੋ ਲਾਵੈ

ਜੋ ਲੋਕੋ ਤਿਸਨੇ ਖੁਬ ਸਜਾਉਂਦਾ ਹੈ,
ਅਸ਼ਾ ਹੋ ਸੋਈ ਤੇਰੇ ਹੋਵਨ,
ਆਸ਼ਕ ਤੁਮਾਰੀ ਸ਼ਹਾਦਤ ਕੋ ਪਾਵੈ,
ਜੋ ਤੇਰੇ ਇਸ਼ਕ ਵਿੱਚ ਸੁਹੰਪਟ,
ਇਨਾ ਕਾ ਬਿਆਨ ਨਾ ਉਪਾਵੈ,
ਉਹ ਨਾਂ ਤੈਨੂੰ ਭੁਲਦਾ ਨਾ ਡੋਲਦਾ,
ਆਸ਼ਿਕ ਖੁਦ ਹੀ ਤੁਮਹਾਰਾ,
ਇਸ਼ਕ ਤੇਰਾ ਤੇਰੀ ਯਾਦ ਲਾਵੈ,
ਇਸ਼ਕ ਤੇਰਾ ਤੁਮ ਪੇ ਮਰਨਾ ਜਿਉਣਾ ਸਿਖਾਵੈ,
ਇਸ਼ਕ ਤੇਰਾ ਤੂੰ ਤੂੰ ਜਪਾਵੈ,
ਇਸ ਮੇ ਆਸ਼ਿਕ ਤੁਮ ਹਰਾਵੈ,
ਅਨੇਕ ਮੇ ਸਿਰਫ਼ ਏਕ ਦਿਖਾਵੈ,
ਜਿਨ ਕੀਆ ਤਿਨ ਹੀ ਕੋ ਤਰਾਵੈ,
ਸਦਾ ਲਖ ਮੇ ਏਕ ਲਗਾਵੈ,
ਇਕ ਬੇਨੰਤੀਐ ਹਮਾਰੀ ਤੋ ਕੋ ਕਿ
ਇਹ ਸੋਹਣਾ ਇਸ਼ਕ ਹਮਕੋ ਲਾਵੈ।




## ਗ਼ਜ਼ਲ

ਅਸੀਂ ਤਾਂ ਐਵੇਂ ਤਿਤਲੀਆਂ ਪਿੱਛੇ ਭੱਜਦੇ ਰਹੇ,
ਤੇ ਲੋਕੀ ਭੌਰੇ ਬਣ ਕੇ ਬਹਾਰਾਂ ਲੁੱਟਦੇ ਰਹੇ।

ਇਹ ਬੱਦਲ ਵੀ ਸਾਡੇ ਦੁਸ਼ਮਣ ਲੱਗਦੇ ਨੇ,
ਸਾਡਾ ਵੇਹੜਾ ਛੱਡ ਕੇ ਹੀ ਬਰਸਦੇ ਰਹੇ।

ਸਾਡੀ ਗੁੱਡੀ ਉੱਡਦੇ ਹੀ ਆਈ-ਬੋ ਹੋ ਗਈ,
ਪਤੰਗ ਹੋਰਾਂ ਦੇ ਅੰਬਰਾਂ ਦੇ ਵਿੱਚ ਉੱਡਦੇ ਰਹੇ।

ਤੋੜੀਆਂ ਜਿਨ੍ਹਾਂ ਜੰਜੀਰਾਂ ਉਹ ਆਜ਼ਾਦ ਹੋਏ,
ਅਸੀਂ ਤਾਂ ਐਵੇਂ ਹੀ ਦੁਨੀਆਂ ਕੋਲੋਂ ਡਰਦੇ ਰਹੇ।

ਅਸੀਂ ਤਾਂ ਕਰਦੇ ਰਹੇ ਜਵਾਬ ਦਾ ਇੰਤਜ਼ਾਰ,
ਖ਼ਤ ਸਾਡੇ ਹੋਰਾਂ ਦੇ ਹੀ ਬੂਹੇ ਢੁਕਦੇ ਰਹੇ।

ਨੈਣਾਂ ਦੀ ਖਿੜਕੀ ਚੋਂ ਦਿਲ ਨੂੰ ਤੱਕਿਆ ਨਾ,
ਬੁੱਲ੍ਹਾਂ ਦੇ ਜੰਦਰੇ ਨੂੰ ਵੇਖ ਕੇ ਮੁੜਦੇ ਰਹੇ।

'ਭੁੱਲਰ' ਦੀ ਨ੍ਹੇਰੀ ਜ਼ਿੰਦਗੀ ਦਾ ਦਿਨ ਚੜ੍ਹਿਆ ਨਾ,
ਸੂਰਜ ਚੜ੍ਹਦੇ ਰਹੇ ਤੇ ਸੂਰਜ ਡੁੱਬਦੇ ਰਹੇ।




## ਕੁਲਦੀਪ ਦੇਸਾਂਝ ਦੀਆਂ ਚਾਰ ਰੁਬਾਈਆਂ

ਅਜ਼ਾਬ
ਬਹਾਰ ਮੁਰਝਾਏ ਹੁਏ ਚੇਹਰੋਂ ਔਰ ਪੌਦੋਂ ਪੇ ਨਿਖਾਰ ਤੋ ਲਾਤੀ ਹੈ ,
ਜੈਸੇ ਅੰਧੇਰੀ ਰਾਤ ਕੇ ਬਾਅਦ ਸੁਨਹਰੀ ਸਵੇਰ ਜ਼ਰੂਰ ਆਤੀ ਹੈ,
ਸਾਲ-ਦਰ-ਸਾਲ ਜ਼ਿੰਦਗੀ ਕਾ ਯੇਹ ਕਾਰਵਾਂ ਚਲਤਾ ਰਹਿਤਾ ਹੈ,
ਫਿਰ ਏਕ ਦਿਨ ਅਚਾਨਕ ਜ਼ਿੰਦਗੀ ਅਜ਼ਾਬ ਸੀ ਕਿਉਂ ਲਗਨੇ ਲਗਤੀ ਹੈ ?

ਜਿੰਦ-ਜਾਨ
ਰੰਗ-ਬਰੰਗੀਆਂ ਤਿਤਲੀਆਂ ਵਰਗੀਆਂ, ਕਿਤਾਬਾਂ ਜਿਨ੍ਹਾਂ ਦੀ ਜਿੰਦ- ਜਾਨ ਵੇ ਮਾਹੀਆ ,
ਕਿਤਾਬਾਂ ਲਾਜ਼ਮੀ ਦਿਮਾਗੀ ਖ਼ੁਰਾਕ ਤੇ ਸਦੀਵੀ ਦੌਲਤ ਵੇ ਮਾਹੀਆ,
ਉਥੇ ਕੋਈ ਘਾਟ ਨਹੀਂ ਜਿਸ ਘਰ ਕੋਈ ਕਿਤਾਬੀ ਨੁੱਕਰ ਨਾਂ ਦਿਖੇ ,
ਆ ਆਪਣੇ ਜ਼ਿਹਨ ਤੇ ਅੰਸਤਿਤਵ(ਹੋਂਦ) ਨੂੰ ਖੂਬਸੂਰਤ ਬਣਾਈਏ ਵੇ ਮਾਹੀਆ ।

ਕਹਾਣੀ
ਬਹੁਤ ਅਰਸੇ ਕੇ ਬਾਅਦ, ਆਜ ਜਾਮ ਪੀਨੇ ਕੀ ਤਮੰਨਾ ਹੈ,
ਸ਼ਾਇਦ ਏਕ ਬਾਰ ਫਿਰ, ਏਕ ਰੋਜ਼ ਜੀਨੇ ਕੀ ਤਮੰਨਾ ਹੈ,
ਕਿਆ ਪਤਾ ਕੱਲ ਹਮ ਹੋਂ ਨਾ ਹੋਂ ਆਜ ਮੈਂ ਤੋ ਜੀ ਕਰ ਦੇਖ ਲੇਨੇ ਦੋ,
ਪੁਰਾਣੀ ਹੀ ਸਹੀ , ਕਹਾਣੀ ਏਕ ਬਾਰ ਫਿਰ ਸੁਨਾਨੇ ਕੀ ਤਮੰਨਾ ਹੈ।

ਕੌਣ ਹੋ ਤੁੰਮ ?
ਬਹਾਰੋਂ ਤੇ ਸਜੀ ਕਿਸ ਕਵੀ ਕੀ ਕਲਪਨਾ ਹੋ ਤੁੰਮ ?
ਏਕ ਬਾਰ ਲਿਖ ਹੀ ਦੋ ਕਿਸ ਗ਼ਜ਼ਲ ਕੇ ਅਲਫ਼ਾਜ਼ ਹੋ ਤੁੰਮ ?
ਚਲੋ ਗੁਨ-ਗੁਨਾਂ ਹੀ ਦੋ ,ਪਤਾ ਤੋ ਚਲੇ ਕਿਸ ਨਜ਼ਮ ਕੀ ਤਰੰਨੁਮ ਹੋ ਤੁੰਮ ?
ਕੌਨ ਹੋ ਤੁੰਮ ਬਸ ਏਕ ਬਾਰ ਬਤਾ ਦੋ ਕੌਣ ਹੋ ਤੁੰਮ ?




## ਸੋਚਾਂ ਦੇ ਤਖ਼ਤਾਂ 'ਤੇ ਬੈਠੇ

ਵਿੱਚ ਸਿਆਲੇ ਧੁੱਪ ਨਾ ਸੇਕੀ,
ਧੁੱਪਾਂ ਦੇ ਵਿੱਚ ਛਾਂ ਨਾ ਮਾਣੀ।

ਜ਼ਿੰਦਗੀ ਹੋ ਗਈ ਤੀਲਾ-ਤੀਲਾ,
ਭਰੇ ਪਿਆਲੇ ਗ਼ਮ ਦਾ ਪਾਣੀ।

ਦੁੱਖਾਂ ਦਾ ਸਿਰ ਛਤਰ ਝੁਲਦਾ,
'ਨੇਰ੍ਹਿਆਂ ਦੇ ਵਿੱਚ ਰੈਣ ਵਿਹਾਣੀ।

ਆਸਾਂ ਨੂੰ ਕੋਈ ਬੂਰ ਨਾ ਲੱਗਾ,
ਛੱਡ ਖਲੋਤੀ ਕਿਸਮਤ ਰਾਣੀ।

ਝੂਠੀ-ਮੂਠੀ ਹਾਂ ਮੁਸਕਰਾਉਂਦੇ,
ਮਨ ਦੀ ਹਾਲਤ ਕਿਸ ਨੇ ਜਾਣੀ।

ਕੌਣ ਸੁਣੇਂਦਾ ਕਿਸ ਨੂੰ ਦੱਸੀਏ ?
ਬਣਿਆ ਨਾ ਕੋਈ ਦਿਲ ਦਾ ਹਾਣੀ।

ਸਾਡੇ ਪੱਲੇ ਕੀ ਤੂੰ ਪਾਇਆ ?
ਘਸੀ ਸਾਡੀ ਤੇਲ ਪੁਰਾਣੀ।

ਸੋਚਾਂ ਦੇ ਤਖ਼ਤਾਂ 'ਤੇ ਬੈਠੇ,
ਲਿਖੀ ਜਾਂਦੇ 'ਸਹਿਜ' ਕਹਾਣੀ




## ਸੂਈ ਦੇ ਨੱਕੇ ਜਿੰਨਾ ਰਾਹ

ਸੂਈ ਦੇ ਨੱਕੇ ਜਿੰਨਾ
ਰਾਹ ਸੀ
ਤੇ ਮੈਂ ਲੰਘੀ ਉਸ ਪਾਰੋਂ
ਪਸਾਰ ਸੀ

ਹਰ ਖੂੰਜਾ ਸੀ ਹਰ
ਕਿਸੇ ਤੋਂ
ਤੇ ਚੱਲ ਹੋ ਰਹੇ
ਜ਼ਿੰਦਗੀ ਦੇ
ਔਖੇ ਔਖੇ ਜੋ
ਰਾਹ ਸੀ

ਮਰਜ਼ਾਂ ਸੀ ਮੇਰੀ
ਤੇ ਮੈਂ ਹੀ ਤੀਰ ਦਾਰਦ
ਤੇ ਗੁਨਾਹਗਾਰ ਸੀ

ਚਾਹੇ ਪਾਸੇ ਤੇਰਾ ਕੁਰਲਾਉਣਾ
ਤੇ ਚੀਕ ਚਿਹਾੜਾ ਸੀ
ਪਰ ਮੇਰੇ ਬੁਲ੍ਹਾਂ 'ਤੇ ਜਾਪੇ
ਜਿਵੇਂ ਮੈਂ ਮਣ ਦਾ
ਭਾਰ ਸੀ

ਮੇਰੇ ਵੇਲਣ ਦੀ ਕੋਸ਼ਿਸ਼
ਤੇ ਦੁੱਖ ਵੇਲਣ ਦੀ ਕੋਸ਼ਿਸ਼
ਬਰਕਰਾਰ ਸੀ
ਪਰ ਵੇਲਾ ਹੋ ਗਿਆ
ਹਰ ਕੋਈ ਮੇਰੇ
ਵੇਲਾਂ ਤੋਂ
ਜਿਵੇਂ ਮੇਰੇ ਵਾਂਗ ਹੀ
ਹਰ ਕੋਈ ਕੰਨਾਂ ਤੋਂ ਗਿਆ
ਲੰਗੜਾ ਸੀ


ਪਹਿਲਾਂ ਲੱਗਾ ਜਿਵੇਂ
ਹਰ ਕੋਈ ਮੈਨੂੰ
ਕਰ ਗਿਆ
ਨਜ਼ਰ ਅੰਦਾਜ਼ ਸੀ
ਪਰ ਕੋਈ 'ਤੇ ਮੇਰੇ
ਖਿਸਕਣੇ ਨੇ ਦਿੱਤਾ ਮੈਨੂੰ
ਧੋਖਾ ਸੀ
ਤੇ ਮੈਂ ਹੀ ਚੂਕ ਬਣਿਆ
ਉਸ ਖਿਸਕਣੇ ਦਾ
ਅਹਿਸਾਸ ਸੀ

ਉਡ ਰਹੇ ਸੀ
ਹੋਰ ਮੇਰੇ
ਰੂਹ ਕੰਬਾਊ
ਇਕਰਾਰ ਦਾ ਮੈਂ
ਇੰਤਜ਼ਾਰ ਹੀ
ਤਲਬਗਾਰ ਸੀ

ਅੰਤ ਸੀ ਮੇਰਾ ਜਾਂ
ਕਿਸੇ ਨਵੀਂ ਸ਼ੁਰੂਆਤ ਦਾ
ਆਗਾਜ਼ ਸੀ
ਪਰ ਆਪਣਿਆਂ ਦਾ ਵਿਸ਼ਵਾਸ
ਤੋੜ ਕਰਨਾ ਜਾ ਰਿਹਾ
ਮੇਰੇ ਸਾਹਵੇਂ ਦਾ ਜੋ
ਸੂਈ ਦੇ ਨੱਕੇ ਜਿੰਨਾ
ਰਾਹ ਸੀ

ਕਿਰਦਾਰ ਬਣਿਆ ਖੁਦ
ਹੀ ਉਂਗਲਿਆ
ਜ਼ਿੰਦਗੀ ਦਾ ਹੁਣ ਮੇਰਾ
ਕੋਈ ਸਾਥੀ ਹੈ ਨਾ ਕੋਈ
ਮਦਦਗਾਰ ਸੀ

ਲੰਮਾ ਅਣਕਿਹਾ
ਪੈਂਡਾ ਸੀ
ਤੇ ਉਤੋਂ ਮਾੜੇ ਕੀਤੇ
ਕਰਮਾਂ ਦਾ ਸਿਰ 'ਤੇ
ਬੋਝ ਸੀ




## ਮਨ ਹੌਲਾ

ਚਿੰਤ ਫਰੇਸਟ ਦਾ ਵੇਲਾ ਨਹੀਂ,
ਅੱਜ ਕਿਸੇ ਦੇ ਅੱਗੇ।
ਕਰਨਾ ਪੈਂਦਾ ਹੈ ਮਨ ਹੌਲਾ,
ਖੜ੍ਹ ਕੇ ਸ਼ੀਸ਼ੇ ਅੱਗੇ।

ਸੀਸ ਤਲੀ 'ਤੇ ਧਰ ਕੇ ਤੁਰੇ,
ਜਦ ਸਰਕਾਰਾਂ ਅੱਗੇ।
ਝੁਕਣਾ ਪੈਣਾ ਆਖਰ ਉਸ ਨੂੰ,
ਸਾਡੇ ਜੇਰੇ ਅੱਗੇ।

ਸਬਰ ਸਿਦਕ ਹੈ ਪੁੱਜਣਾ ਇਕ ਦਿਨ,
ਮੰਜ਼ਲ ਉੱਤੇ ਆਪਾਂ,
ਜੰਗਲ ਪਰਬਤ ਲੰਘ ਆਏ ਹਾਂ,
ਕੀ ਜੇ ਟੋਏ ਅੱਗੇ ।

ਸਿਰ 'ਤੇ ਸੰਕਟ ਹੁਣ ਨਾ ਸਾਡਾ,
ਅੰਦਰ ਵੜਿਆਂ ਸਰਨਾ,
ਢੁੱਕ ਰਿਹਾ ਏ ਦੁਸ਼ਮਣ ਆ ਕੇ,
ਸਾਡੇ ਬੂਹੇ ਅੱਗੇ।

ਜਿਸ ਦੇ ਹੱਥਾਂ ਵਿਚ ਹੁਨਰ ਹੈ,
ਖੋਹ ਕਦੇ ਨਾ ਕਰਦਾ,
ਅੱਡਦੇ ਪੇਟ ਕਦੇ ਨਾ ਉਸ ਨੂੰ,
ਹੱਥ ਕਿਸੇ ਦੇ ਅੱਗੇ।

ਸਾਧਾਂ ਵਾਂਗ ਨਿਭਾਵੇ ਰਿਸ਼ਤਾ,
ਸੋਤ ਸਮੇਂ ਟੁਰ ਜਾਂਦਾ,
ਦਿਨ ਭਰ ਜਿਹੜਾ ਸਾਇਆ ਰਹਿੰਦਾ,
ਸਾਡੇ ਪਿੱਛੇ ਅੱਗੇ।








## ਆਪਣੀਆਂ ਰਚਨਾਵਾਂ ਨੂੰ ਛਪਵਾਉਣ ਲਈ ਹੇਠਾਂ ਦਿੱਤੇ ਗਏ ਨੰਬਰਾਂ ਤੇ ਸੰਪਰਕ ਕਰੋ।

" ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ । ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸਬੰਧਿਤ ਲੇਖਕ ਹੀ ਜ਼ਿੰਮੇਵਾਰ ਹੋਵੇਗਾ , ਅਦਾਰਾ ਜਾਂ ਸੰਪਾਦਕ ਮੰਡਲ ਨਹੀਂ। "

E-mail:- adbivirsat@gmail.com

WHATSAPP NUMBER :- 89689 - 33711 , 98720 - 79212



# ਅਦਬੀ ਵਿਰਾਸਤ

ਅੰਕ 06 , ਸਥਾਪਨਾ -ਦਸੂਹਾ, 05/07/2026 ਦਿਨ ਐਤਵਾਰ (ਨਾਨਕਸ਼ਾਹੀ ਸੰਮਤ 21 ਹਾੜ 558)adbivirsat@gmail.com


## ਗੀਤ

ਸੱਜਣਾ! ਮਨ ਦਾ ਚੈਨ ਚੁਰਾ ਕੇ ਤੁਰ ਗਿਆ ਏਂ।
ਮਾਖਿਓ ਮਿੱਠੇ ਬੋਲ ਸੁਣਾ ਕੇ ਤੁਰ ਗਿਆ ਏਂ।

ਮਿਲਣੀ ਵੇਲੇ ਮਹਿਕਾਂ ਤੇ ਖੁਸ਼ਬੋਈਆਂ ਸੀ।
ਤੈਨੂੰ ਤਕ ਤਕ ਪੌਣਾਂ ਗਦ ਗਦ ਹੋਈਆਂ ਸੀ।
ਫੇਰ ਮਿਲਣ ਦਾ ਲਾਰਾ ਲਾ ਕੇ ਤੁਰ ਗਿਆ ਏਂ.........

ਅਜੇ ਪਿਆਰ ਦੀ ਇਕ-ਅੱਧ ਪੂਣੀ ਕੱਤੀ ਸੀ।
ਬਾਕੀ ਅਜਬ-ਅਨੋਖੀ ਨੈਣਾਂ ਤੱਕੀ ਸੀ।
ਸੋਹਣੇ ਸੋਹਣੇ ਖ਼ਾਬ ਦਿਖਾ ਕੇ ਤੁਰ ਗਿਆ ਏਂ......

ਘਰ ਦੇ ਦਰ-ਦਰਵਾਜ਼ੇ ਤੈਨੂੰ ਤੱਕਦੇ ਨੇ।
ਹਰ ਮਹਿਮਾਨ 'ਚੋਂ ਤੇਰੀ ਆਹਟ ਲੱਭਦੇ ਨੇ।
ਪੱਥਰ ਵਰਗਾ ਜਿਗਰ ਬਣਾ ਕੇ ਤੁਰ ਗਿਆ ਏਂ.......

ਜਾਵਣ ਵਾਲੇ ਨਾਲ ਹਵਾਵਾਂ ਤੁਰ ਜਾਂਦੇ।
ਕੱਲ-ਮ-ਕੱਲੇ ਝੋਰਿਆਂ ਦੇ ਵਿਚ ਖੁਰ ਜਾਂਦੇ।
ਕਿਹੜੇ ਜੁਰਮ ਦੀ ਸਜ਼ਾ ਸੁਣਾ ਕੇ ਤੁਰ ਗਿਆ ਏਂ.....




## ਪੰਧ ਮੁਕਾਉਣਾ ਬੜਾ ਔਖਾ ਏ

ਲੇਖਕ ਕਹਾਉਣਾ ਸੌਖਾ ਏ ਪਰ ਪੰਧ ਮੁਕਾਉਣਾ ਬੜਾ ਔਖਾ ਏ
ਸ਼ੇਰਾਂ ਦੇ ਡੂੰਘੇ ਸਾਗਰ ਚੋਂ ਅੱਖਰ ਮੋਤੀ ਲਿਆਉਣਾ ਬੜਾ ਔਖਾ ਏ
ਸੱਚਾਈ ਦੀ ਪਹਿਰੇਦਾਰ ਸੱਚੀ ਗੱਲ ਕਰੀਏ ਤਾਂ
ਤੁਰ ਤੁਰਕੇ ਤਿੱਖੀਆਂ ਸੂਲਾਂ ਤੇ ਮੰਜ਼ਿਲ ਨੂੰ ਪਾਉਣਾ ਬੜਾ ਔਖਾ ਏ
ਕਿਹਨੇ ਕਿੰਨੇ ਦੁੱਖ ਝੱਲੇ ਸੁਣ ਕੇ ਭੁੱਲ ਗਏ
ਅੱਖਰ ਆਪਣੇ ਤੰਨ ਤੇ ਇੱਕ ਦੁੱਖ ਹੰਢਾਉਣਾ ਬੜਾ ਔਖਾ ਏ
ਖੁਸ਼ੀਆਂ ਵੇਲੇ ਹਰ ਕੋਈ ਦਰ ਤੇ ਢੁੱਕ ਜਾਂਦਾ
ਹੋਰਾਂ ਦੇ ਦੁੱਖ ਨੂੰ ਆਪਣਾ ਦੁੱਖ ਬਣਾਉਣਾ ਬੜਾ ਔਖਾ ਏ
ਜੇ ਕਬੂਤਰ ਸਮਝੇ ਮੁਰਗੀ ਨੂੰ ਤੇ ਇੱਲ ਆਖਦਾ ਬਗਲੇ ਨੂੰ
ਇੱਦਾਂ ਦੇ ਬੇਸਮਝੇ ਬੰਦੇ ਨੂੰ ਸਮਝਾਉਣਾ ਬੜਾ ਔਖਾ ਏ
ਦੁਗਲਪੁਣੇ ਵਿੱਚ ਗੱਪ ਮਾਰਨੀ ਸੌਖੀ ਹੁੰਦੀ ਹੈ
ਮੂੰਹੋਂ ਕੱਢਿਆ ਬੋਲ ਪੁਗਾਉਣਾ ਬੜਾ ਔਖਾ ਏ
ਯਾਦ ਹਨੇਰੀ ਜਦੋਂ ਵੀ ਕਿਸੇ ਤੇ ਝੁੱਲ ਜਾਂਦੀ
ਅੱਖਾਂ ਵਿੱਚ ਹੰਝੂ ਛੁਪਾਉਣਾ ਬੜਾ ਔਖਾ ਏ
ਵਿਉਂਤਾਂ ਘੜਨੀਆਂ ਤਾਂ ਆਸਾਨ ਹੁੰਦੀਆਂ ਨੇ
ਕੰਮ ਨੂੰ ਅੰਜਾਮ ਤੱਕ ਪਹੁੰਚਾਉਣਾ ਬੜਾ ਔਖਾ ਏ
ਜਦੋਂ ਆਪਣਾ ਹੀ ਹੌਸਲਾ ਢਹਿ ਜਾਵੇ
ਫਿਰ ਦੂਜੇ ਦਾ ਹੌਸਲਾ ਵਧਾਉਣਾ ਬੜਾ ਔਖਾ ਏ
ਜੋ ਹਰ ਇੱਕ ਦੇ ਦਿਲ ਵਿੱਚ ਘਰ ਕਰ ਜਾਂਦਾ
ਜਸਵੀਰ ਫੁੱਲੀਆਂ ਵਾਲੇ ਉਹਨੂੰ ਭੁਲਾਉਣਾ ਬੜਾ ਔਖਾ ਏ



## ਬਾਬਲਾਂ ਦਾ ਵੈਰ

ਵੇਖ ਕੇ ਜਵਾਨੀ ਸਾਡੀ
ਅੱਗ ਹਾਣ ਦੀ
ਕਿਹੜਾ ਸੂਰਜਾਂ ਦਾ
ਧੁੰਆਂ ਸਾਨੂੰ ਦਾਨ ਕਿਉਂ ਦਵੇ,
ਖਾਬਾਂ ਵਿਚ ਹੋਣ
ਜਦੋਂ ਪੁੱਗੀਆਂ ਜਵਾਨ
ਸਾਡੇ ਬਾਬਲਾਂ ਦਾ
ਨੀਂਦਾਂ ਨਾਲ ਵੈਰ ਕਿਉਂ ਪਵੇ।
ਸ਼ਬਦਾਂ 'ਤੇ ਹੋਣ ਜਦੋਂ
ਲੋਹੜੀਆਂ ਦੇ ਲੇਖ,
ਜਦੋਂ ਰਾਹਾਂ 'ਚ
ਮਰਾਸੀ ਨੇ ਅਲਾਪਦੇ,
ਪੈਣ ਡਰ ਉਹ
ਸਾਹਵੀਂ ਚਲਦਾਂ ਦੀ ਧੂੰਏਂ
ਸਾਨੂੰ ਧੁਖੀਆਂ ਵਿੱਚ
ਵੱਡੇ ਉਹੀ ਜਾਪਦੇ।
ਪੰਥ ਜਾਣ ਹੀ ਕੇ ਤੋਰਾਂ
ਅੱਖੀਆਂ ਨੂੰ ਜੁਣ,
ਕੰਧਾਂ ਕੱਚੀਆਂ ਨੂੰ ਕਰ
ਵੱਤੇ-ਪਹਿਰ ਕਿਉਂ ਲਵੇ,
ਖਾਬਾਂ ਵਿਚ ਹੋਣ
ਜਦੋਂ ਪੁੱਗੀਆਂ ਜਵਾਨ
ਸਾਡੇ ਬਾਬਲਾਂ ਦਾ
ਨੀਂਦਾਂ ਨਾਲ ਵੈਰ ਕਿਉਂ ਪਵੇ।
ਸਾਰਾ ਦਿਨ ਚੰਘਦੀ ਏ
ਮਾਂ ਚੌਕਾਂ ਵਿੱਚ
ਅੱਧੀ - ਅੱਧੀ ਰਾਤ ਤੱਕ
ਦਾਜ ਵੇਲਦੀ,
ਛਾਂ ਜਦੋਂ ਅੱਗਣੇ
ਅੰਗੂਠੀਆਂ ਦੀ ਵੇਲ
ਰਾਤ ਕੱਚੀਆਂ ਦੀ
ਚੱਮਲ-ਕਿਲਾ ਖੇਲਦੀ।
ਡਰ ਦੀ ਜਗਮਗੀ
ਅੱਧੀ-ਅੱਧੀ ਰਾਤ ਉੱਠੇ
ਅਸੀਂ ਦਿਲੀਆਂ ਦੇ
ਚਿੱਤਰਾਂ 'ਚ ਪੈਰ ਕਿਉਂ ਪਵੇ,
ਖਾਬਾਂ ਵਿਚ ਹੋਣ
ਜਦੋਂ ਪੁੱਗੀਆਂ ਜਵਾਨ
ਸਾਡੇ ਬਾਬਲਾਂ ਦਾ
ਨੀਂਦਾਂ ਨਾਲ ਵੈਰ ਕਿਉਂ ਪਵੇ।
ਅੱਖਾਂ ਵਿਚੋਂ ਜਦੋਂ
ਕਸਤੂਰੀ ਰਾਤ ਮਾਣੇ,
ਦਾਅਵਾਂ ਵਿਚੋਂ ਸਾਡੇ
ਸਿੱਟੇ ਪੱਕੀ ਵੰਡਲੀ,
ਵੇਖੇ ਦਿਨਾਂ ਸੋਟਿਆਂ 'ਚੋਂ
ਚੇਤਲੀ ਸਾਡੇ
ਮੇਰੇ ਵੀਰਨੇ ਦੀ
'ਲੋਹੀ' ਸਾਡੀ ਚੰਦਰੀ।
ਜਦੋਂ ਦੀਆਂ ਰੀਝਾਂ ਦਾ
ਤੈਨਾ ਜੇ ਨਾ ਵੀਰ ਪੂਰੇ
ਮਾਰ-ਮਾਰ ਵਾਛੜਾਂ
ਕੋਈ ਗਹਿਰ ਕਿਉਂ ਦਵੇ,
ਖਾਬਾਂ ਵਿਚ ਹੋਣ
ਜਦੋਂ ਪੁੱਗੀਆਂ ਜਵਾਨ
ਸਾਡੇ ਬਾਬਲਾਂ ਦਾ
ਨੀਂਦਾਂ ਨਾਲ ਵੈਰ ਕਿਉਂ ਪਵੇ।
ਸਦਾ ਹੀ ਅਰਾਮ ਨੂੰ
ਹਰਾਮ ਸਾਨੂੰ ਕਹਿੰਦਾ,
ਜਰ ਦਿਹਾੜਾਂ
ਉਹ ਸਿੱਕਿਆਂ ਨੂੰ ਵੰਡਦਾ,
ਕੋਠੇ ਤੋਂ ਸਿਊਂਕ
ਭੋਗ - ਭੋਗ ਮਿੱਟੀ ਹੁੰਦੇ
ਉਹਨੇ ਕਾਜ ਹੈ ਰਚਾਉਣਾ
ਅਜੇ ਚੰਦ ਦਾ।
ਸਾਰਾ ਦਿਨ ਮਿੱਟੀ ਦਾ,
ਇਕ ਜਾਣ ਪੰਜਾਬ ਦਾ
ਵੇਲ ਕਿਰਤੀ ਦੀ
ਧੀਆਂ ਕਿੰਨੀ ਵੇਲ ਕਿਉਂ ਪਵੇ,
ਖਾਬਾਂ ਵਿਚ ਹੋਣ
ਜਦੋਂ ਪੁੱਗੀਆਂ ਜਵਾਨ
ਸਾਡੇ ਬਾਬਲਾਂ ਦਾ
ਨੀਂਦਾਂ ਨਾਲ ਵੈਰ ਕਿਉਂ ਪਵੇ।





# TANVEER ART STUDIO

RAJA KALAN 98720 79212

PRE WEDDING SHOOT, POST WEDDING SHOOT, MARRIAGE, PARTIES, COVERAGE ANY EVENTS LIVE , CUP PRINTING, TSHIRT PRINTING




# PARVEEN STUDIO

DASUYA 98550 52298

pre wedding shoot, marriage , parties, all events, live , mug printing, T-shirt printing etc.








ਆਪਣੀਆਂ ਰਚਨਾਵਾਂ ਨੂੰ ਛਪਵਾਉਣ ਲਈ ਹੇਠਾਂ ਦਿੱਤੇ ਗਏ ਨੰਬਰਾਂ ਤੇ ਸੰਪਰਕ ਕਰੋ।

" ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ । ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸਬੰਧਿਤ ਲੇਖਕ ਹੀ ਜ਼ਿੰਮੇਵਾਰ ਹੋਵੇਗਾ , ਅਦਾਰਾ ਜਾਂ ਸੰਪਾਦਕ ਮੰਡਲ ਨਹੀਂ। "


E-mail:- adbivirsat@gmail.com

WHATSAPP NUMBER :- 89689 - 33711 , 98720 - 79212




ਵਾਤਾਵਰਨ ਦਿਵਸ
ਸਪੈਸ਼ਲ ਐਡੀਸ਼ਨ
ਅਦਬੀ ਵਿਰਾਸਤ
ਮੈਗਜ਼ੀਨ
ਵੱਲੋਂ :- ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ (ਰਜਿ.) ਪੰਜਾਬ



# ਵਿਅਰਥ ਚੀਜਾਂ ਨਾਲ ਵੀ ਕੁਝ ਵਧੀਆ ਅਤੇ ਸੋਹਣੀ ਵਸਤੂ ਤਿਆਰ ਕਰਨ ਦੀ ਗੱਲ ਨੂੰ ਸਾਬਿਤ ਕਰਦੀ ਤਸਵੀਰ



ਨੰਨ੍ਹੇ ਕਲਾਕਾਰ ਦਾ ਨਾਮ
ਸੂਫ਼ੀਆਨ
ਜਮਾਤ 6ਵੀਂ
ਡੀ ਏ ਵੀ ਸੀ ਸੈ ਸਕੂਲ ਦਸੂਹਾ

ਪ੍ਰੇਰਕ ਅਧਿਆਪਕਾ
ਸ੍ਰੀਮਤੀ ਗੁਰਪ੍ਰੀਤ ਕੌਰ
ਡੀ ਏ ਵੀ ਸੀ ਸੈ ਸਕੂਲ
ਦਸੂਹਾ







ਆਪਣੀਆਂ ਰਚਨਾਵਾਂ ਨੂੰ ਛਪਵਾਉਣ ਲਈ ਹੇਠਾਂ ਦਿੱਤੇ ਗਏ ਨੰਬਰਾਂ ਤੇ ਸੰਪਰਕ ਕਰੋ।

" ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ । ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸਬੰਧਿਤ ਲੇਖਕ ਹੀ ਜ਼ਿੰਮੇਵਾਰ ਹੋਵੇਗਾ , ਅਦਾਰਾ ਜਾਂ ਸੰਪਾਦਕ ਮੰਡਲ ਨਹੀਂ। "

E-mail:- adbivirsat@gmail.com

WHATSAPP NUMBER :- 89689 - 33711 , 98720 - 79212

